# ਭਾਗ 5

ਸ਼ਰਾਬ ਦੇ ਦੋ ਅੱਡ-ਅੱਡ ਸਰੂਪ ਹਨ :—

1) **ਸਥੂਲ ਸਰੂਪ** :—ਰੰਗ-ਬਰੰਗਾ, ਕੌੜਾ-ਕੁਸੈਲਾ ਘੋਲੂਆ (Alcoholic Solution) ਹੈ ।

2) **ਸੂਖਮ ਸਰੂਪ** :—ਜਦ ਸ਼ਰਾਬ ਨੂੰ ਪੀਤਾ ਜਾਏ, ਤਾਂ ਇਸਦਾ ਸਾਡੇ ਮਨ, ਤਨ, ਬੁੱਧੀ ਉਤੇ ਅਨੋਖਾ ਜਿਹਾ ਅਸਰ ਹੁੰਦਾ ਹੈ, ਜਿਸ ਨੂੰ ''ਸਰੂਰ'' ਕਿਹਾ ਜਾਂਦਾ ਹੈ ।

''**ਸਰੂਰ ਦੇ ਦੂਜੇ ਸਰੂਪ** ਵਿਚ, ਸ਼ਰਾਬ ਦਾ **ਪਹਿਲਾ ਸਰੂਪ** ਸਮਾ ਜਾਂਦਾ ਹੈ ਯਾ ਅਲੋਪ ਹੋ ਜਾਂਦਾ ਹੈ ।

**ਪਹਿਲਾ ਸਥੂਲ ਸਰੂਪ**—ਦੇਖਣ, ਬੋਲਣ, ਸੁਣਨ ਅਤੇ **ਕਲਪਨਾ ਤਾਈਂ ਸੀਮਤ ਹੈ।**

**ਦੂਜਾ ਸੂਖਮ ਸਰੂਪ**—ਸਰੀਰਕ, ਮਾਨਸਿਕ ਅਤੇ ਵਲਵਲਿਆਂ ਵਿਚ ਪਰਵਿਰਤ ਹੁੰਦਾ ਹੈ, ਜਿਸ ਦੁਆਰਾ ਕੋਈ **ਅਨੋਖੀ** :—

ਖੁਸ਼ੀ
ਚਾਉ
ਉਮਾਹ
ਖੇੜਾ
ਫੁਰਤੀ
ਬੇ-ਪ੍ਰਵਾਹੀ
ਮਸਤੀ
ਬਿਸਮਾਦੀ
ਨਸ਼ਈ ਅੱਖਾਂ
ਚਮਕਦਾ ਚਿਹਰਾ
ਥਥਲਾ ਬੋਲ
ਰੁਣ-ਝੁਣ
ਦਲੇਰੀ
**ਹਉਮੈ**



# Lekh 62 Shabad Part 5

Shabad or Word has two separate forms:-

1 Gross form: - Colourful, alcoholic Solution

2 Subtle form: - When alcohol is consumed, it has an unusual effect on the mind, body and intellect. This effect is called 'intoxication'.

The first (gross) form diffuses or disappears into the second (subtle) form of intoxication.

The first gross form – is limited to sight, speech, hearing and imagination.

The second subtle form – makes itself discernable in the physical, mental, emotional state through which the manifestation of,

happiness
joy
exuberance
bloom
nimbleness
carefree ness
intoxication
wondrousness
intoxicated eyes
flushed face
stuttering
tingling melody
braveness
egotism

ਦਾ ਪ੍ਰਗਟਾਵਾ ਹੁੰਦਾ ਹੈ।

ਸ਼ਰਾਬ ਦੇ ਪਹਿਲੇ ਸਰੂਪ ਦਾ ਗਿਆਨ—ਫੋਕਾ, ਦਿਮਾਗੀ ਕਲਪਨਾ ਤਾਈਂ ਸੀਮਤ ਹੈ।

ਸਰੀਰ ਦੇ ਅੰਦਰ ਜਾ ਕੇ, 'ਸ਼ਰਾਬ' ਦਾ ਸਰੂਪ ਬਿਲਕੁਲ ਬਦਲ ਜਾਂਦਾ ਹੈ, ਅਤੇ ਤਨ-ਮਨ ਅੰਦਰ, ਉਪਰ ਦਸਿਆ ਅਨੋਖਾ 'ਸਰੂਰ' ਉਪਜਦਾ ਹੈ। ਦੂਜੇ ਲਫ਼ਜ਼ਾਂ ਵਿਚ ਸ਼ਰਾਬ ਸਾਡੇ ਅੰਦਰ ਜਾਕੇ, 'ਸਰੂਰ' ਦਾ ਰੂਪ ਧਾਰ ਲੈਂਦੀ ਹੈ।

'ਸ਼ਰਾਬ' :—ਅੱਖਰਾਂ, ਬੋਲੀ, ਖ਼ਿਆਲਾਂ ਤਾਈਂ ਸੀਮਤ ਹੈ, ਪਰ
'ਸਰੂਰ' :—ਸਰੀਰ, ਮਨ-ਬੁਧੀ ਦੇ ਰਗੋਰੇਸ਼ੇ ਵਿਚ ਧੱਸ, ਵੱਸ, ਰਸ ਕੇ ਮਾਨਸਿਕ ਜੀਵਨ ਦੇ ਹਰ ਪੱਖ ਵਿਚ ਆਪਣਾ ਅਲੌਕਿਕ ਜਲਵਾ ਦਿਖਾਉਂਦਾ ਹੈ ਯਾ ਦੂਸਰੇ ਲਫ਼ਜ਼ਾਂ ਵਿਚ, ਸ਼ਰਾਬ ਦਾ 'ਸਰੂਰ', ਸ਼ਰਾਬ ਦੇ ਅੰਤ੍ਰੀਵ ਅਉਗੁਣਾਂ ਦਾ ਪ੍ਰਗਟਾਵਾ ਹੈ।

ਇਹ ਸ਼ਰਾਬ ਦਾ ਸਰੂਰ ਤਾਂ ਆਰਜ਼ੀ ਹੈ, ਥੋੜੇ ਚਿਰ ਮਗਰੋਂ ਲਹਿ ਜਾਂਦਾ ਹੈ ਅਤੇ ਮਗਰੋਂ 'ਟੋਟ' ਪੈਂਦੀ ਹੈ—ਜਿਸ ਨਾਲ ਸ਼ਰਾਬੀ ਦੀ ਹਾਲਤ ਪਹਿਲਾਂ ਨਾਲੋਂ ਭੀ ਭੈੜੀ ਹੋ ਜਾਂਦੀ ਹੈ।

ਇਸ ਦੇ 'ਉਲਟ'—'ਸਬਦ' ਯਾ 'ਨਾਮ' ਦਾ ਆਤਮਿਕ 'ਸਰੂਰ' ਸਦਾ ਇਕ ਸਾਰ ਕਾਇਮ ਰਹਿੰਦਾ ਹੈ, ਜੋ ਜਗਿਆਸੂ ਨੂੰ ਨਿਤ ਨਵੇਂ 'ਰਸ-ਰੰਗ' ਵਿਚ ਮਸਤ ਕਰੀ ਰਖਦਾ ਹੈ। ਇਹ ਇਲਾਹੀ ਪ੍ਰਕਾਸ਼-ਰੂਪ, 'ਤੱਤ-ਸਬਦ' ਦੀ ਖ਼ੁਮਾਰੀ ਦਿਨ ਰਾਤ ਚੜ੍ਹੀ ਰਹਿੰਦੀ ਹੈ।

"ਹਰਿ ਰਸੁ ਪੀਵਤ ਸਦ ਹੀ ਰਾਤਾ ॥
ਆਨ ਰਸਾ ਖਿਨ ਮਹਿ ਲਹਿ ਜਾਤਾ ॥
ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ ॥
ਆਨ ਰਸਾ ਮਹਿ ਵਿਆਪੈ ਚਿੰਦ ॥ ੧ ॥
ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ॥
ਆਨ ਰਸਾ ਸਭਿ ਹੋਛੇ ਰੇ ॥ ੧ ॥ ਰਹਾਉ ॥ (ਪੰਨਾ—377)

ਹਾਂ ਜੀ—ਅੰਤਰ ਆਤਮੇ 'ਗੁਰ ਸਬਦ' ਦੇ 'ਗੱਜਣ' ਅਥਵਾ 'ਪ੍ਰਕਾਸ਼' ਹੋਣ ਨਾਲ, ਮਨ, ਤਨ ਅਤੇ ਆਤਮਾ ਵਿਚ :—

ਰਸ ਭਿੰਨੜੀ 'ਝਰਨਾਹਟ'
ਅਨੰਦ ਦੀ 'ਕੰਬਣੀ'
'ਆਤਮ-ਹਿੰਡੋਲਾ'



takes place.

The knowledge of the first form of alcohol is hollow, intellectual and is limited to the imagination.

Having gone within, the form of 'alcohol' changes completely, and in the mind and body, an extraordinary 'intoxication' develops. In other words the alcohol that goes within us takes the form of 'intoxication'.

'Alcohol': is limited to words, language and thoughts, but

'Intoxication': thrusting, inhabiting and diffusing itself into every fibre of the body, mind and intellect, shows its unmistakable glow in every aspect of mental life. To put it another way, the form that the 'intoxication' of alcohol takes, is the manifestation of alcohol's innate demerits.

This intoxication of the alcohol is temporary. It wears off after a while and after that the 'hangover' takes over. With this, the condition of the drunkard is worse off than before.

The divine 'intoxication' of the 'Shabad'-Word' or 'Naam' is the (exact) opposite of this. It forever remains stable and keeps the seeker intoxicated in the ever new state of pleasurable 'relish of love'. This divine form's manifestation, the intoxication of the 'essence-word' remains active day and night.

*One who drinks in the Lord's sublime essence is forever imbued with it,*
*while other essences wear off in an instant.*
*Intoxicated with the Lord's sublime essence, the mind is forever in ecstasy.*
*Other essences bring only anxiety. ||1||*
*One who drinks in the Lord's sublime essence, is intoxicated and enraptured;*
*all other essences have no effect.* 377

O Yes! with the 'thunder' or 'manifestation of the 'Guru's Shabad' in the mind, body and the soul:-

the sweet enjoyable 'tremor'
the 'shiver' of bliss
the 'soul-swing'

ਆਤਮ-ਰਸ ਦਾ 'ਵਾਵਰੋਲਾ'
ਆਤਮ 'ਮਹਾਂ-ਰਸ'
'ਆਤਮ-ਮੌਜ'
ਆਤਮ ਲਹਿਰ
ਮਿਠੜੀ ਆਤਮਿਕ 'ਥਰ-ਕੰਬਣੀ'
ਮਸਤ-ਅਲਮਸਤ 'ਸਦਾ ਹੁਸ਼ਿਆਰੀ'
'ਖਰੀ-ਖੁਮਾਰੀ'
'ਖੰਦ-ਖੁਮਾਰੀ'
'ਚਰਨ ਕਮਲ ਕੀ ਮੌਜ'

ਸੁਤੇ-ਸਿਧ **ਉਪਜਦੀ ਅਤੇ ਪਰਵਿਰਤ ਹੁੰਦੀ ਹੈ।**

ਇਹ ਊਚਮ-ਊਚੀ, ਸੂਚਮ-ਸੂਚੀ ਆਤਮਿਕ ਅਵਸਥਾ ਦੀ ਪ੍ਰਾਪਤੀ ਲਈ **'ਤੱਤ ਸਬਦ'** ਨੂੰ

ਸੁਣਨ
ਬੁੱਝਣ
ਸੀਝਣ
ਚੀਨਣ
ਪਹਿਚਾਨਣ
ਵਿਚਾਰਨ
ਪਿਆਰਨ
ਕਮਾਉਣ
**ਅਨੁਭਵ ਕਰਨ**

ਦੀ **ਅਤਿਅੰਤ ਲੋੜ ਹੈ।**

ਅਸੀਂ ਗੁਰਬਾਣੀ-ਰੂਪ 'ਸਬਦ' ਨੂੰ ਆਪਣੇ **ਅਸਥੂਲ ਕੰਨ ਨਾਲ ਹੀ 'ਸੁਣਨ', ਵਿਚ ਸੰਤੁਸ਼ਟ ਹਾਂ**, ਤੇ ਏਸੇ ਨੂੰ **ਆਤਮਿਕ 'ਮੰਜ਼ਿਲ'** ਸਮਝੀ ਬੈਠੇ ਹਾਂ।

ਪਰ ਅਸਲ ਵਿਚ ਗੁਰਬਾਣੀ ਅਨੁਸਾਰ, 'ਤੱਤ-ਸਬਦ', ਸਿਰਫ਼ ਅੰਦਰਲੇ **ਅਨੁਭਵੀ 'ਸੁਰਤਿ' ਰੂਪੀ 'ਕੰਨਾਂ' ਨਾਲ ਸੁਣਿਆਂ ਜਾਂ ਅਨੁਭਵ ਕੀਤਾ ਜਾ ਸਕਦਾ ਹੈ।**

"ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ,
**ਗੁਰਮਤੀ ਸਬਦੁ ਸੁਣਾਵਣਿਆ ॥"** (ਪੰਨਾ—124)
"ਪਿਰੁ ਰੀਸਾਲੂ ਤਾ ਮਿਲੈ, **ਜਾ ਗੁਰ ਕਾ ਸਬਦੁ ਸੁਣੀ ॥"** (ਪੰਨਾ—18)



the emotions of soul's relish
the 'greatest relish' of the soul
the 'joy of the soul'
the waves of the soul
the sweet divine 'shiver'
carefree 'ever-alertness'
pure ecstasy
ever present intoxication
joy of the Lord's Lotus Feet

spontaneously spring forth and appear.

For obtaining this loftiest of the lofty, purest of the pure divine state, it is absolutely essential that we –

listen
unravel
discover
find
recognise
contemplate
love
cultivate
experience

the 'Essence Shabad or Word'.

But we are contented with the 'listening' of Gurbani's Shabad or Word form, with our gross ears and keep maintaining this (practice) to be the divine destination.

But according to Gurbani, the truth is that the 'Essence-Shabad or Word' can only be heard or experienced with the ears of our internal intuition-filled consciousness.

1 *There, the Unstruck Melody of the Shabad vibrates day and night. Through the Guru's Teachings, the Shabad is heard.* 134

2 *We meet with our Beloved, the Source of Joy, when we listen to the Word of the Guru's Shabad.* 18

**"ਸਬਦਿ ਸੁਣੀਐ ਸਬਦਿ ਬੁਝੀਐ,**
ਸਚਿ ਰਹੈ ਲਿਵਲਾਇ ॥" (ਪੰਨਾ—429)

**"ਜੀਵਨ ਮੁਕਤੁ ਜਾ ਸਬਦੁ ਸੁਣਾਏ ॥"** (ਪੰਨਾ—13+3)

ਜਦ ਤਾਈਂ ਸਾਡੀ ਬਿਰਤੀ-ਸੁਰਤੀ 'ਬਾਹਰਮੁਖੀ' ਹੈ, ਅਸੀਂ ਇਹਨਾਂ **ਸਰੀਰਕ ਕੰਨਾਂ ਨਾਲ 'ਸਬਦ' ਅਥਵਾ ਗੁਰਬਾਣੀ ਸੁਣਨੀ ਹੈ**, ਪਰ ਜਦ 'ਸਬਦੁ-ਸੁਰਤਿ' ਦੇ ਮੇਲ ਦੁਆਰਾ ਸੁਰਤੀ **'ਅੰਤਰਮੁਖੀ' ਹੋ ਜਾਵੇ**, ਤਾਂ ਅੰਤਰ-ਆਤਮੇ **'ਅਨੁਭਵ' ਦੁਆਰਾ 'ਅਨਹਦ ਧੁਨੀ'** (Divine Music) **ਸੁਣਾਈ ਦਿੰਦੀ ਹੈ, ਜਿਸਨੂੰ :—**

ਸਬਦ-ਸੁਣੀ
ਨਾਮ-ਧੁਨੀ
ਅਨਹਦ-ਨਾਦ
ਅਨਹਦ-ਝੁਨਕਾਰ
ਅਨਹਦ-ਸਬਦ

**ਦਸਿਆ ਗਿਆ ਹੈ ।**

ਸਾਡੇ ਸਰੀਰਕ ਕੰਨ ਤਾਂ **ਸਿਰਫ਼ ਅੱਖਰਾਂ ਵਾਲੀ ਬੋਲੀ ਯਾ ਬਾਣੀ ਸੁਣ ਸਕਦੇ ਹਨ**, ਪਰ

ਆਤਮ-ਪ੍ਰਕਾਸ਼ ਰੂਪੀ **'ਤਤ-ਸਬਦ', ਨਾਮ, ਧੁਨੀ ਆਦਿ ਨੂੰ ਸੁਣਨ ਤੋਂ ਅਸਮਰਥ ਹਨ ।**

ਸੂਰਜ ਚੜ੍ਹਨ ਨਾਲ-ਰਾਤ ਦੇ ਹਨੇਰੇ ਦੇ ਸਾਰੇ ਅਉਗਣ ਤੇ ਕਲੇਸ਼, ਸਹਜ-ਸੁਭਾਇ ਆਪ-ਮੁਹਾਰੇ ਹੀ **ਅਲੋਪ ਹੋ ਜਾਂਦੇ ਹਨ ।** ਦੂਜੇ ਪਾਸੇ 'ਚਾਨਣ' ਹੋਣ ਨਾਲ ਸੂਰਜ ਦੀਆਂ **ਸਾਰੀਆਂ ਬਰਕਤਾਂ ਆਪਣੇ-ਆਪ ਪ੍ਰਾਪਤ ਹੋ ਜਾਂਦੀਆਂ ਹਨ ।**

ਐਨ ਏਸੇ ਤਰ੍ਹਾਂ, **'ਸਬਦ ਦੇ ਅੰਤਰ-ਆਤਮੇ ਅਨੁਭਵੀ-ਪ੍ਰਕਾਸ਼ ਦੁਆਰਾ, ਜੀਵ ਨੂੰ ਅਨੇਕਾਂ ਸਰੀਰਕ, ਮਾਨਸਿਕ ਅਤੇ ਆਤਮਿਕ ਬਰਕਤਾਂ ਸੁਤੇ-ਸਿਧ ਪ੍ਰਾਪਤ ਹੋ ਜਾਂਦੀਆਂ ਹਨ ।**

ਇਹਨਾਂ ਅਨੇਕਾਂ ਆਤਮਿਕ ਬਰਕਤਾਂ ਤੇ ਬਖਸ਼ਿਸ਼ਾਂ ਵਿਚੋਂ, ਕੁਝ ਕੁ ਦੀ ਸੰਖੇਪ ਵਿਚਾਰ ਹੇਠਾਂ ਕੀਤੀ ਜਾਂਦੀ ਹੈ ।

ਗੁਰਬਾਣੀ ਵਿਚ 'ਹਉਮੈ' ਨੂੰ **ਮਾਨਸਿਕ ਦੀਰਘ ਰੋਗ** ਦਸਿਆ ਗਿਆ ਹੈ । **ਹਉਮੈ ਦੀ ਕੋਈ ਹਸਤੀ ਨਹੀਂ ਹੈ, ਇਹ ਸਿਰਫ਼ ਮਨ ਦਾ ਭਰਮ-ਭੁਲ ਵਾ ਹੈ ।** ਮਾਇਆ ਦੇ ਅੰਧ ਗੁਬਾਰ, ਅਥਵਾ **ਅਗਿਆਨਤਾ ਵਿਚੋਂ ਹਉਮੈ ਉਪਜਦੀ ਹੈ ।**



1 *Listen to the Shabad, and understand the Shabad, and lovingly focus your consciousness on the True One.* 429

2 *One becomes Jivan-mukta - liberated while yet alive, by listening to the Shabad.* 1343

As long as our attention and consciousness is 'focused externally', we listen to the Shabad or Gurbani with our physical ears, but when the consciousness becomes 'focused internally' with the linking up of the 'Shabad (Word)-consciousness', then through 'intuition' Divine Music will be heard in the innate-self. This has been referred to as:-

hearing of the Shabad-Word
Naam sound-current
unstruck sound
unstruck melody
unstruck Word.

Our physical ears can only listen to the written language or the spoken word.

They are not capable of listening to the 'essence-Word' form of divine manifestation namely Naam, sound current, etc.

With the rising of the sun all the demerits and conflicts of the darkness spontaneously, by themselves disappear. On the other side, with the coming of the 'light', all the blessings of the sun become available by themselves.

Exactly in the same way, through the intuitional manifestation of the 'Shabad or Word in the innate self within, both mental and spiritual blessings become spontaneously available.

Appearing below is a short discussion on a few of these numerous blessings and benevolences.

In Gurbani, egotism has been classified as a chronic disease. Egotism has no such form of its own. It is the just a doubt-fallacy of the mind. Egotism emerges from the pitch darkness of materialism or ignorance.

ਇਹ ਅਗਿਆਨਤਾ ਰੱਬ ਨੂੰ ਭੁਲਕੇ ਬੇਮੁਖ ਹੋਣ ਨਾਲ ਉਪਜਦੀ ਹੈ।

ਹਉਮੈਂ ਹੀ, ਹੋਰ ਸਾਰੀਆਂ ਬਿਖਾਦੀ ਅਨਸਰਾਂ ਦਾ '**ਮੁਢ-ਕਾਰਨ**' ਹੈ। ਇਸੇ ਲਈ ਇਸ ਨੂੰ '**ਦੀਰਘ ਰੋਗ**' ਕਿਹਾ ਗਿਆ ਹੈ। ਇਹ ਦੀਰਘ ਰੋਗ ਹੀ ਜੀਵ ਦੇ ਸਾਰੇ ਸਰੀਰਕ ਤੇ ਮਾਨਸਿਕ **ਦੁਖ-ਕਲੇਸ਼, ਬੰਧਨਾਂ ਦਾ ਮੂਲ ਕਾਰਨ ਹੈ।**

ਦਿਮਾਗੀ ਸਿਆਣਪਾਂ, ਕਰਮ-ਕਾਂਡਾਂ ਆਦਿ ਨਾਲ **ਹਉਮੈ ਦਾ ਤਿਆਗ ਨਹੀਂ ਹੋ ਸਕਦਾ।** ਗੁਰਬਾਣੀ ਵਿਚ ਇਸ **ਹਉਮੈ ਨੂੰ ਮਾਰਨ ਯਾ ਤਿਆਗਣ ਦਾ ਇਕੋ-ਇਕ ਸਾਧਨ 'ਸਬਦੁ' ਦਾ 'ਪ੍ਰਕਾਸ਼' ਅਥਵਾ 'ਨਾਮੁ' ਦੁਆਰਾ ਹੀ ਦਸਿਆ ਗਿਆ ਹੈ।**

"**ਸਬਦੇ ਹਉਮੈ ਮਾਰੀਐ**, ਸਚੈ ਮਹਲਿ ਸੁਖੁ ਪਾਇ ॥" (ਪੰਨਾ—4 9)

"ਆਸ ਅੰਦੇਸੇ ਤੇ ਨਿਹਕੇਵਲੁ,
**ਹਉਮੈ ਸਬਦਿ ਜਲਾਇ ॥**" (ਪੰਨਾ—468)

"**ਗੁਰਸਬਦੀ ਚੂਕੈ ਅਭਿਮਾਨੁ** ॥" (ਪੰਨਾ—1259)

"ਗਰੁੜੁ ਸਬਦੁ ਮੁਖਿ ਪਾਇਆ,
**ਹਉਮੈ ਬਿਖੁ ਹਰਿ ਮਾਰੀ ॥**" (ਪੰਨਾ—1260)

"**ਹਉਮੈ ਮੇਰਾ ਸਬਦੇ ਖੋਈ ॥**" (ਪੰਨਾ—1342)

ਪ੍ਰਭੂ ਨੂੰ **ਰੀਝਾਉਣ ਲਈ**, ਜੀਵ ਨੂੰ **ਦੈਵੀ ਗੁਣਾਂ ਦਾ ਸ਼ਿੰਗਾਰ ਕਰਨਾ ਲਾਜ਼ਮੀ ਹੈ**, ਅਤੇ ਸਾਰੇ ਦੈਵੀ ਗੁਣ **ਸਾਧ-ਸੰਗਤ ਵਿਚ 'ਸਬਦੁ' ਦੀ ਕਮਾਈ ਦੁਆਰਾ ਹੀ ਗ੍ਰਹਿਣ ਕੀਤੇ ਜਾ ਸਕਦੇ ਹਨ।**

"ਮਨੁ ਤਨੁ ਸਉਪੇ ਕੰਤ ਕਉ, **ਸਬਦੇ ਧਰੇ ਪਿਆਰੁ ॥**" (ਪੰਨਾ—89)

"ਪਿਰ ਕੈ ਸਹਜਿ ਰਹੈ ਰੰਗਿ ਰਾਤੀ,
**ਸਬਦਿ ਸਿੰਗਾਰੁ ਬਣਾਵਣਿਆ ॥**" (ਪੰਨਾ—129)

"ਸਚਿ ਰਤੀਆਂ ਸੋਹਾਗਣੀ,
**ਜਿਨ ਗੁਰ ਕੈ ਸਬਦਿ ਸੀਗਾਰਿ ॥**" (ਪੰਨਾ-427-8)

"**ਸਬਦਿ ਸਚੈ ਰੰਗੁ ਲਾਲ ਕਰਿ,
ਭੈ ਭਾਇ ਸੀਗਾਰੁ ਬਣਾਇ ॥**" (ਪੰਨਾ—786)

ਪਿਛਲੇ ਕੀਤੇ ਕਰਮਾਂ ਅਨੁਸਾਰ, ਹਰ ਇਕ ਮਨੁਖ ਨੂੰ ਆਪਣੇ ਜੀਵਨ ਵਿਚ ਅਨੇਕਾਂ ਦੁਖ-ਕਲੇਸ਼ ਭੋਗਣੇ ਪੈਂਦੇ ਹਨ। ਪਰ ਸਾਧਾਰਣ ਮਨੁਖ ਇਨ੍ਹਾਂ ਦੁਖਾਂ ਤੋਂ ਬਹੁਤ ਛੇਤੀ ਪਰੇਸ਼ਾਨ ਤੇ ਬੇਚੈਨ ਹੋ ਜਾਂਦਾ ਹੈ।



This ignorance appears when one turns his face away and forgets the Creator.

Egotism indeed is the root cause of all the quarrelsome elements. That is why it is called a chronic disease. This chronic disease is indeed the prime cause of all physical and mental pain-conflict and afflictions.

Intellectual shrewdness, rites-ritual, etc. cannot free oneself from egotism. According to Gurbani the illumination of the 'Shabad (Word)' or 'Naam' is the one and only way through which egotism can be killed or renounced.

1 *Through the Shabad, conquer your ego, and in the True Mansion of the Lord's Presence, you shall find peace.* 429

2 *He becomes free of hope and fear, and burns away his ego with the Word of the Shabad.* 468

3 *Through the Word of the Guru's Shabad, his egotistical pride is dispelled.* 1259

4 *The Lord has placed the magic spell of the Shabad into his mouth, and destroyed the poison of ego.* 1260

5 *...one eradicates egotism and selfishness through the Shabad.* 1342

To please the Primal Lord Waheguru, man has to embellish himself with divine virtues and all these divine virtues can be acquired in the sadh sangat, the company of the holy, through the cultivation of the 'Shabad or Word'.

6 *She must dedicate her mind and body to her Husband Lord, and enshrine love for the Word of the Shabad.* 89

7 *She remains intuitively attuned to the Love of her Beloved; she makes the Word of His Shabad her decoration.* 129

8 *The happy soul-brides are imbued with Truth; they are adorned with the Word of the Guru's Shabad.* 427

9 *So make the True Word of the Shabad your red dress, and let the Fear of God, and the Love of God, be your ornaments and decorations.* 786

According to the deeds committed in the previous lives each and every person has to face numerous difficulties and conflicts in his life. But an ordinary person easily gets agitated and restless in these difficulties.

"ਕੇਤਿਆ **ਦੂਖ ਭੂਖ** ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥"

(ਜਪੁ ਜੀ)

ਅਨੁਸਾਰ, ਅਸਲ ਵਿਚ 'ਦੁਖ-ਭੁਖ' 'ਦਵਾਈ' ਦੇ ਰੂਪ ਵਿਚ, ਮਨੁਖ ਲਈ 'ਕਲਿਆਣ-ਕਾਰੀ' ਸਾਬਤ ਹੁੰਦੇ ਹਨ। ਇਸ 'ਸਚਾਈ' ਜਾਂ **'ਰਮਜ਼' ਨੂੰ ਗੁਰਸਬਦੁ ਦੀ ਕਮਾਈ ਦੁਆਰਾ ਹੀ ਬੁਝਿਆ ਜਾ ਸਕਦਾ ਹੈ।**

**"ਤੂ ਕਰਹਿ ਸੁ ਸਚੇ ਭਲਾ ਹੈ, ਗੁਰ ਸਬਦਿ ਬੁਝਾਹੀ ॥"**(ਪੰਨਾ-301)

"ਸਬਦਿ ਰਤੇ ਸੇ ਨਿਰਮਲੇ, ਚਲਹਿ ਸਤਿਗੁਰ ਭਾਇ ॥" (ਪੰਨਾ—234)

ਹਰ ਮਨੁਖ, ਕੋਈ ਨ ਕੋਈ ਪਰਿਵਾਰਿਕ, ਸਾਮਾਜਿਕ, ਰਾਜਨੀਤਿਕ ਤੇ ਧਾਰਮਿਕ 'ਮੋਹ' ਦੀ **ਦਲਦਲ ਵਿਚ ਫਸਿਆ ਹੋਇਆ ਹੈ।** 'ਮੋਹ ਮਾਇਆ' ਦੇ ਬੰਧਨ ਕੇਵਲ **'ਪ੍ਰਭੂ-ਬੈਰਾਗ'** ਹੀ **ਤੋੜ ਸਕਦਾ ਹੈ। ਇਹ 'ਬੈਰਾਗ'—'ਸਬਦ' ਦੀ ਕਮਾਈ ਦੁਆਰਾ ਹੀ ਉਪਜਦਾ ਹੈ।**

"ਗੁਰਮਤੀ ਮਨੁ ਨਿਜ ਘਰਿ ਵਸਿਆ, **ਸਚੈ ਸਬਦਿ ਬੈਰਾਗੋ ਰਾਮ ॥**"

(ਪੰਨਾ—568)

"**ਜੋ ਸਬਦਿ ਰਾਤੇ ਮਹਾ ਬੈਰਾਗੀ,** ਸੋ ਸਚੁ ਸਬਦੇ ਲਾਹਾ ਹੇ ॥"

(ਪੰਨਾ—1054)

**"ਸਬਦਿ ਰਤੇ ਪੂਰੇ ਬੈਰਾਗੀ ॥"** (ਪੰਨਾ—13 2)

ਹਰ ਜੀਵ ਆਪਣੀ ਵਡਿਆਈ ਲੋੜਦਾ ਹੈ, ਜਿਸ ਲਈ ਉਹ ਅਨੇਕਾਂ ਧਾਰਮਿਕ ਕਰਮ-ਕਾਂਡਾਂ ਜਾਂ ਧਨ-ਜੋਬਨ ਦਾ ਸਹਾਰਾ ਲੈਂਦਾ ਹੈ। ਪਰ ਇਹ **ਦੁਨਿਆਵੀ ਵਡਿਆਈ ਅਤੇ 'ਪਤਿ' ਕੂੜੀ ਹੈ ਜੋ ਕਿ ਛੇਤੀ ਹੀ ਉੱਡ-ਪੁੱਡ ਜਾਂਦੀ ਹੈ।** ਅਸਲ ਵਿਚ ਸਾਧ-ਸੰਗਤ ਵਿਚ, **'ਸਬਦ' ਦੀ ਕਮਾਈ ਦੁਆਰਾ ਹੀ 'ਨਾਮ ਦੀ ਵਡਿਆਈ'** ਅਤੇ ਦਰਗਾਹ ਵਿਚ **ਸਚੀ 'ਪਤਿ' ਯਾ ਇਜ਼ਤ ਪ੍ਰਾਪਤ ਹੁੰਦੀ ਹੈ।**

**"ਸਚੈ ਸਬਦਿ ਸਚੀ ਪਤਿ ਹੋਈ ॥"** (ਪੰਨਾ—1046)

"ਨਾਨਕ ਸਹਜਿ ਮਿਲੈ ਜਗਜੀਵਨੁ, **ਗੁਰਸਬਦੀ ਪਤਿ ਪਾਇਦਾ ॥**"

(ਪੰਨਾ—1037)

"**ਸਚੈ ਸਬਦਿ ਪਤਿ ਊਪਜੈ**, ਸਚੇ ਸਚਾ ਨਾਉ ॥" (ਪੰਨਾ—70)

ਸਾਰੇ ਜੀਵਾਂ ਦਾ ਹਰ ਕੰਮ, ਉਦਮ, ਰੀਝ, ਉਤਸ਼ਾਹ, ਧਿਆਨ, 'ਧਨ-ਜੋਬਨ' ਤੇ 'ਮੈ-ਮੇਰੀ' ਦੀ **'ਪ੍ਰਕਰਮਾ' ਕਰਦਾ ਹੈ**, ਜਿਸ ਕਾਰਨ ਉਹ ਸੁਤੇ-ਸਿਧ **'ਮੈ-ਮੇਰੀ' ਵਿਚ ਗਲਤਾਨ ਹੋਕੇ, ਮਾਇਆ ਵਿਚ 'ਲਿਵ-ਲੀਨ' ਹੁੰਦੇ ਹਨ।**

ਐਨ ਏਸੇ ਤਰ੍ਹਾਂ ਗੁਰਮੁਖ ਜਨ—ਗੁਰ ਸਬਦ ਦੀ ਕਮਾਈ ਕਰਦਿਆ ਹੋਇਆਂ—ਸਬਦ ਵਿਚ ਲੀਨ ਹੋ ਜਾਂਦੇ ਹਨ, ਅਤੇ ਮਾਇਆ ਤੋਂ ਅਲਿਪਤ ਰਹਿੰਦੇ ਹਨ।



1 *So many endure distress, deprivation and constant abuse.*
*Even these are Your Gifts, O Great Giver!* 5

According to (the above line from Gurbani), it appears that distress and deprivation play the role of 'medicine' in emancipating man. This 'truth' or 'mystery' can only be understood through the practice of Gurbani, the Word of the Guru.

2 *Whatever You do is good, O True Lord; this understanding is obtained through the Word of the Guru's Shabad.* 301

3 *Those who are attuned to the Shabad are immaculate and pure. They walk in harmony with the Will of the True Guru.* 234

Every man is caught in the quagmire of some sort related to family, society, politics or religion. Only 'yearning for God' can break the burdens of attachment and materialism. This 'yearning' arises out of the cultivation and practice of the 'Shabad' or Word.

4 *Under Guru's Instruction, the soul dwells in the home of the self; through the True Word of the Shabad, she becomes unattached.* 568

5 *Those who are imbued with the Shabad, are very detached. They earn the profit of the True Word of the Shabad.* 1054

6 *Those who are imbued with the Shabad are the perfectly detached renunciates.* 1332

Every person desires his own praise and for this he seeks the support of numerous religious rites-rituals or wealth and youth. But this worldly praise and respect is false because it vanishes very quickly. The truth is that, it is only with the cultivation and practice of the 'Shabad or Word', in the company of the holy, that one attains the 'praise of the Naam' and in the court of the Lord true 'respect' and honour.

7 *The Messenger of Death never leaves him, and in the end, he leaves, regretting and repenting.* 1046

8 *O Nanak, one intuitively meets the Lord, the Life of the World; the Word of the Guru's Shabad brings honor.* 1037

9 *From the True Word of the Shabad comes honor. True is the Name of the True One.* 70

Each action of every person revolves around effort, desire, motivation, attention, 'wealth-youth' and 'me-mine-ness'. For this reason being automatically entangled in 'me-mine-ness', he remains absorbed in materialism.

Exactly in same way, the Guru's slave, while cultivating and practicing the Guru's Shabad or Word, gets absorbed in the Shabad or Word and remains detached from materialism.

"ਗੁਰ ਕੈ ਸਬਦਿ, ਸਚਿ ਲਿਵ ਲਾਇ ॥" (ਪੰਨਾ—230)

"ਸਚਾ ਸਬਦੁ ਰਵੈ ਘਟ ਅੰਤਰਿ, ਸਚੇ ਸਿਉ ਲਿਵ ਲਾਈ ॥"
(ਪੰਨਾ—90 )

"ਗੁਰ ਕੈ ਸਬਦਿ ਏਕ ਲਿਵ ਲਾਗੀ, ਤੇਰੈ ਨਾਮਿ ਰਤੇ ਤ੍ਰਿਪਤਾਸੀ ॥"
(ਪੰਨਾ— 1012)

"ਸਦਾ ਅਲਿਪਤੁ ਰਹੇ ਗੁਰ ਸਬਦੀ, ਸਾਚੇ ਸਿਉ ਚਿਤੁ ਲਾਇਦਾ ॥"
(ਪੰਨਾ—1061)

"ਹਰਿ ਰਖੇ ਸੇ ਉਬਰੇ, ਸਬਦਿ ਰਹੇ ਲਿਵ ਲਾਇ ॥" (ਪੰਨਾ—1418)

ਸੰਸਾਰਕ ਅਗਨ-ਸੋਕ-ਸਾਗਰ ਅਥਵਾ ਮਾਇਕੀ ਦਲਦਲ ਵਿਚ ਕੇਵਲ 'ਰੱਬੀ-ਪ੍ਰੇਮ' ਹੀ 'ਜੀਵ' ਨੂੰ ਕਢ ਸਕਦਾ ਹੈ। ਇਹ 'ਰੱਬੀ-ਪਿਆਰ' ਗੁਰਮੁਖ-ਪਿਆਰਿਆਂ ਅਥਵਾ 'ਸਾਧ-ਸੰਗਤ' ਵਿਚ ਵਿਚਰਦਿਆਂ 'ਸਬਦ-ਸੁਰਤ' ਦੀ ਕਮਾਈ ਦੁਆਰਾ ਹੀ ਉਪਜ ਸਕਦਾ ਹੈ।

"ਸਬਦ ਸੇਤੀ ਮਨੁ ਮਿਲਿਆ, ਸਚੈ ਲਾਇਆ ਭਾਉ ॥" (ਪੰਨਾ— 20)

"ਜਿਸਨੋ ਪ੍ਰੇਮੁ ਮੰਨਿ ਵਸਾਏ ॥ ਸਾਚੇ ਸਬਦਿ ਸਹਜਿ ਸੁਭਾਏ ॥"
(ਪੰਨਾ—1016)

"ਸੁਣਿ ਸਬਦੁ ਤੁਮਾਰਾ ਮੇਰਾ ਮਨੁ ਭੀਨਾ ॥" (ਪੰਨਾ—1117)

"ਪ੍ਰੇਮੁ ਪਦਾਰਥੁ ਜਿਨ ਘਟਿ ਵਸਿਆ, ਸਹਜੇ ਰਹੇ ਸਮਾਈ ॥
ਸਬਦਿ ਰਤੇ ਸੇ ਰੰਗਿ ਚਲੂਲੇ, ਰਾਤੇ ਸਹਜਿ ਸੁਭਾਈ ॥" (ਪੰਨਾ—1234)

"ਸਚੈ ਸਬਦਿ ਮਨੁ ਮਾਰਿਆ, ਅਹਿਨਿਸਿ ਨਾਮਿ ਪਿਆਰਿ ॥"
(ਪੰਨਾ—1284)

"ਗੁਰ ਕੈ ਸਬਦਿ ਸਾਲਾਹੀਐ, ਅੰਤਰਿ ਪ੍ਰੇਮ ਪਿਆਰ ॥"
(ਪੰਨਾ—1286)

ਪ੍ਰਭੂ ਗੁਣਾ ਦਾ ਸਾਗਰ ਹੈ। ਸਾਧ-ਸੰਗਤ ਵਿਚ ਮਨ-ਬਚ-ਕਰਮ ਕਰਕੇ ਸਬਦ ਦੀ ਕਮਾਈ ਕਰਨ ਨਾਲ, ਜਗਿਆਸੂ ਖੁਦ ਇਲਾਹੀ ਗੁਣਾਂ ਦੀ 'ਖਾਨ' ਬਣ ਜਾਂਦਾ ਹੈ।

"ਹਰਿ ਕੇ ਚਰਨ ਅਰਾਧੀਅਹਿ, ਗੁਰ ਸਬਦਿ ਰਤਨਾਗਰੁ ॥
(ਪੰਨਾ—1318)

"ਤੂ ਗੁਣ ਦਾਤਾ ਸਬਦਿ ਪਛਾਤਾ, ਗੁਣ ਕਹਿ ਗੁਣੀ ਸਮਾਣੇ ॥"
(ਪੰਨਾ— 601)



1 *Through the Word of the Guru's Shabad, lovingly attune yourself to the True Lord.* 230

2 *Deep within your heart, chant the True Word of the Shabad; remain lovingly absorbed in the True Lord.* 909

3 *Through the Word of the Guru's Shabad, he is to enshrine love for the One Lord. Imbued with Your Name, Lord, he remains satisfied and fulfilled.* 1012

4 *One who remains forever detached in the Word of the Guru's Shabad - his consciousness is attuned to the True Lord.* 1061

5 *Those who are protected by the Lord are saved; they remain lovingly attuned to the Word of the Shabad.* 1418

In the worldly ocean of grief or the quagmire of materialism, only 'godly-love' can free man. This 'godly love' can only arise by abiding in the presence of guru-orientated beloveds or the sadh-sangat, the company of the holy through the cultivation and practice of 'Shabad (Word)-consciousness.

6 *One whose mind is attuned to the Shabad, enshrines love for the True Lord.* 920

7 *One whose mind is filled with the Lord's Love,*
*is intuitively exalted by the True Word of the Shabad.* 1016

8 *Hearing the Word of Your Shabad, my mind is enraptured.* 1117

9 *Those whose hearts are filled with the wealth of the Lord's Love, remain intuitively absorbed in Him.*
*Imbued with the Shabad, they are dyed in the deep crimson color of His Love. They are imbued with the Lord's celestial peace and poise.* 1234

10 *But those who conquer and subdue their minds, through the True Word of the Shabad - night and day, they love the Naam.* 1284

11 *Through the Word of the Guru's Shabad, praise the Lord with love and affection within.* 1286

The Primal Lord is the ocean of virtues. By cultivating the practice of the Shabad or Word in the sadh-sangat or the company of the holy through thought, word and deed, the seeker himself becomes the treasure house of divine virtues.

12 *Worship and adore the Feet of the Lord, through the Word of the Guru's Shabad, the jewel mine.* 1318

13 *You are the Giver of virtue, realized through the Word of Your Shabad. Uttering Your Glories, we merge with You, O Glorious Lord.* 601

"ਗੁਰ ਤੇ ਸਾਤਿ ਭਗਤਿ ਕਰੇ ਦਿਨੁ ਰਾਤੀ,
**"ਗੁਣ ਕਹਿ ਗੁਣੀ ਸਮਾਵਣਿਆ ॥"** (ਪੰਨਾ—117)

ਸਬਦ ਦੀ ਕਮਾਈ ਦੁਆਰਾ ਇਹ ਨਿਕੰਮੀ ਤੇ ਵਿਕਾਰੀ ਦੇਹੀ, ਕੰਚਨ ਸੋਨੇ ਦੀ ਨਿਆਈਂ **ਨਿਰਮਲ, ਕੀਮਤੀ ਅਤੇ ਸੁੰਦਰ ਬਣ ਜਾਂਦੀ ਹੈ।**

**"ਹਰਿਮੰਦਰੁ ਸਬਦੇ ਸੋਹਣਾ, ਕੰਚਨੁ ਕੋਟੁ ਅਪਾਰ ॥"** (ਪੰਨਾ-1346)
**"ਕਾਇਆ ਕੰਚਨੁ ਸਬਦੁ ਵੀਚਾਰਾ ॥"** (ਪੰਨਾ—1065)

ਸਬਦ ਦੀ ਕਮਾਈ ਦੁਆਰਾ ਹੀ ਸੂਖਮ ਤੇ ਅਦ੍ਰਿਸਟ ਪ੍ਰਭੂ ਦੀ **'ਹੋਂਦ'** ਜਾਂ **'ਹਸਤੀ'** ਉਤੇ ਜਗਿਆਸੂ ਦਾ ਮਨ **ਪਤੀਜਦਾ ਤੇ ਮੰਨਦਾ ਹੈ।**

**"ਸਬਦਿ ਪਤੀਜੈ ਅਲਖ ਅਭੇਵਾ ॥"** (ਪੰਨਾ—1024)
**"ਇਹੁ ਮਨੁ ਭੀਜੈ, ਸਬਦਿ ਪਤੀਜੈ ॥"** (ਪੰਨਾ – 1031)
**"ਸਬਦੁ ਬੀਚਾਰਿ ਰਾਮ ਰਸੁ ਚਾਖਿਆ,
ਨਾਨਕ ਸਾਚਿ ਪਤੀਣੇ ॥"** (ਪੰਨਾ—1126)
**"ਗੁਰਸਬਦੇ ਮਨੁ ਮਾਨਿਆ, ਅਪਤੀਜੁ ਪਤੀਣਾ ॥"** (ਪੰਨਾ—1407)

ਮਨ ਅਤਿਅੰਤ **'ਚੰਚਲ'** ਅਤੇ **ਅਸਾਧ** ਹੈ। ਇਸ ਨੂੰ 'ਸਬਦ' ਦੀ ਕਮਾਈ ਦੁਆਰਾ ਹੀ **ਸਾਧਿਆ ਜਾ ਸਕਦਾ ਹੈ** ਅਤੇ ਸ਼ਾਂਤੀ ਆ ਸਕਦੀ ਹੈ।

"ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ, **ਗੁਰ ਸਬਦੀ ਮਨੁ ਧੀਰੇ ॥"**
(ਪੰਨਾ—1107)

"ਗੁਰਸਬਦੀ ਵੇਖਿ ਵਿਗਸਿਆ,
**ਅੰਤਰਿ ਸਾਂਤਿ ਆਈ ॥"** (ਪੰਨਾ—1251)

"ਬੰਧਨ ਤੋੜੇ ਮੁਕਤਿ ਘਰਿ ਰਹੈ ॥
**ਗੁਰ ਸਬਦੀ ਅਸਥਿਰੁ ਘਰਿ ਬਹੈ ॥"** (ਪੰਨਾ—1262)

ਮਾਇਕੀ **'ਭਰਮ-ਭੁਲਾਵੇ' ਕਾਰਨ** 'ਜੀਵ', ਆਪਣੀ ਸੀਮਤ ਬੁਧੀ ਨਾਲ **ਸਿਆਣਪਾਂ** ਘੋਟ ਕੇ ਸੁਖ ਦੀ ਪ੍ਰਾਪਤੀ ਲਈ ਉਦਮ ਕਰਦਾ ਹੈ, ਪਰ **ਉਲਟਾ 'ਕਰਮ ਬੱਧ' ਹੋ ਕੇ ਦੁਖ ਭੋਗਦਾ ਹੈ ਤੇ ਜਮਾਂ ਦੇ ਵੱਸ ਪੈਂਦਾ ਹੈ।**

ਪਰ, ਜੇ ਜੀਵ, 'ਸਾਧ-ਸੰਗਤ' ਵਿਚ ਵਿਚਰਦਿਆਂ ਹੋਇਆਂ, **'ਸਬਦ' ਦੀ ਕਮਾਈ ਕਰੇ** ਤਾਂ ਉਸ ਨੂੰ **'ਬਿਬੇਕ ਬੁਧੀ'** ਅਥਵਾ **'ਅਨੁਭਵੀ ਗਿਆਨ'** ਯਾ **'ਆਤਮਿਕ-ਸੋਝੀ'** ਹੋ ਜਾਂਦੀ ਹੈ—ਜਿਸ ਦੁਆਰਾ ਉਸ ਨੂੰ ਸਹੀ **ਆਤਮਿਕ 'ਜੀਵਨ-ਸੇਧ' ਮਿਲਦੀ ਹੈ।** ਇਸ ਤਰ੍ਹਾਂ ਉਹ ਜਗਿਆਸੂ ਗੁਰੂ ਘਰ ਵਿਚ 'ਵਡਹੰਸ' ਬਣ ਜਾਂਦਾ ਹੈ।



*1 From the Guru comes peace and tranquility; worship Him with devotion, day and night. Chanting His Glorious Praises, merge into the Glorious Lord. 117*

Through the cultivation of the shabad, a useless and sinful body becomes pure, valuable and beautiful like gold.

*2 The Temple of the Lord is embellished with the Shabad; it is an Infinite Fortress of God. 1346*

*3 Contemplating the Word of the Shabad, the body becomes golden. 1065*

It is only through the cultivation of the Shabad or word that the mind of the seeker gets reassured and believes in the subtle and invisible presence or 'form' of the Primal Lord.

*4 He is unknowable and mysterious; He is pleased by the Shabad. 1024*

*5 This mind is drenched with the Shabad, and satisfied. 1031*

*6 Contemplating the Shabad, he drinks in the sublime essence of the Lord; O Nanak, his faith is confirmed in the Truth. 1126*

*7 Through the Word of the Guru's Shabad, the mind is pleased and appeased; the unsatisfied mind is satisfied. 1407*

Mind is extremely restless and undisciplined. It can only be disciplined by the cultivation of the Shabad or Word and (subsequently) experience peace.

*8 O Nanak, I have obtained profound insight, and found peace; my mind is comforted by the Word of the Guru's Shabad. 1107*

*9 Gazing upon Him through the Word of the Guru's Shabad, I blossom forth in ecstasy; tranquility comes to my inner being. 1251*

*10 His bonds are shattered, and he stays in the house of liberation. Through the Word of the Guru's Shabad, he sits in the eternal, unchanging house. 1262*

Because of the doubt fallacy of materialism, 'man' through his shrewdness, makes an effort with his limited intellect to acquire peace and comfort, but instead, becoming 'action-bound', he suffers difficulties and becomes the victim of *jam*, the couriers of death.

But if man, by being in the sadh sangat, or the company of the holy, cultivates the Shabad or Word, he acquires the 'wisdom to discern' that is 'intuitional knowledge' or 'divine-awareness'. With this he gets divine 'life-direction. In this way, the seeker becomes an 'exalted swan' in the house of the Guru.

'ਮਨੁ ਮੋਤੀ ਸਾਲੁ ਹੈ ਗੁਰ ਸਬਦੀ,
ਜਿਤੁ ਹੀਰਾ ਪਰਖਿ ਲਈਜੈ ॥" (ਪੰਨਾ-1325)

"ਜਗੁ ਖੋਟੌ ਸਚੁ ਨਿਰਮਲੌ, ਗੁਰ ਸਬਦੀ ਵੀਚਾਰਿ ॥
ਤੇ ਨਰ ਵਿਰਲੇ ਜਾਣੀਅਹਿ,
ਜਿਨ ਅੰਤਰਿ ਗਿਆਨੁ ਮੁਰਾਰਿ ॥" (ਪੰਨਾ—1331)

"ਸਬਦਿ ਰਤੇ ਵਡਹੰਸ ਹੈ, ਸਚੁ ਨਾਮੁ ਉਰਧਾਰਿ ॥" (ਪੰਨਾ—585)

"ਗੁਰਮੁਖਿ ਵੰਸੀ ਪਰਮਹੰਸ,
ਸਬਦ ਸੁਰਤਿ ਗੁਰਮਤਿ ਅਡੋਲਾ ॥
ਖੀਰਹ ਨੀਰ ਨਿਕਾਲਦੇ, ਗੁਰਮੁਖਿ ਗਿਆਨ ਧਿਆਨ ਨਿਰੋਲਾ ॥"
(ਵਾ: ਭਾ: ਗੁ 30/41)

"ਭਾਉ ਭਗਤਿ ਉਪਦੇਸੁ ਕਰਿ, ਸਾਧ ਸੰਗਤਿ ਸਚਖੰਡ ਵਸਾਏ ॥
ਮਾਨ ਸਰੋਵਰ ਪਰਮਹੰਸ,
ਗੁਰਮੁਖਿ ਸਬਦ ਸੁਰਤਿ ਲਿਵ ਲਾਏ ॥" (ਵਾ: ਭਾ: ਗੁ' 12/18)

"ਧਨ ਪਿਰ ਕਾ ਇਕ ਹੀ ਸੰਗਿ ਵਾਸਾ ॥" ਅਨੁਸਾਰ—'ਜੀਵ' ਰੂਪ 'ਆਤਮਾ' ਤੇ 'ਪਰਮਾਤਮਾ', ਹਿਰਦੇ ਰੂਪੀ ਸੇਜ ਤੇ ਅੱਠੇ ਪਹਿਰ ਇਕੱਠੇ ਰਹਿੰਦੇ ਹਨ, ਪਰ, ਮਾਇਕੀ ਫੁਰਨਿਆਂ ਤੇ ਵਿਕਾਰਾਂ ਦੁਆਰਾ ਪਤੀ-ਪਰਮਾਤਮਾ ਵਿਸਰਿਆ ਰਹਿੰਦਾ ਹੈ। 'ਸਾਧ-ਸੰਗਤ' ਵਿਚ ਮਨ-ਬਚ-ਕਰਮ ਕਰਕੇ ਸਬਦੁ ਦੀ ਕਮਾਈ ਕਰਨ ਨਾਲ, ਪਤੀ-ਪ੍ਰਮਾਤਮਾ ਦੀ 'ਯਾਦ' ਹਿਰਦੇ ਵਿਚ ਵਸਦੀ ਹੈ। ਇਸ ਤਰ੍ਹਾਂ ਲਗਾਤਾਰ ਪ੍ਰੇਮ-ਭਰੀ-ਯਾਦ ਯਾ ਸਿਮਰਨ ਦੁਆਰਾ 'ਧਨ'-'ਪਿਰ' ਦਾ ਅੰਤਰ-ਆਤਮੇ ਮੇਲ ਹੁੰਦਾ ਹੈ।

"ਗੁਰਮੁਖਿ ਕਾਮਣਿ ਬਣਿਆ ਸੀਗਾਰੁ ॥
ਸਬਦੇ ਪਿਰੁ ਰਾਖਿਆ ਉਰਧਾਰਿ ॥" (ਪੰਨਾ—1278)

"ਸਬਦਿ ਸਵਾਰੀ ਸਾਚਿ ਪਿਆਰੀ ॥
ਸਾਈ ਸੋਹਾਗਣਿ ਠਾਕੁਰਿ ਧਾਰੀ ॥" (ਪੰਨਾ—੯34)

ਅਨੇਕਾਂ ਦੁਖਾਂ ਕਲੇਸ਼ਾਂ ਤੇ ਚਿੰਤਾਵਾਂ ਨਾਲ ਮਨ ਅਤੇ ਤਨ ਮੁਰਝਾਇਆ ਰਹਿੰਦਾ ਹੈ ਅਤੇ ਪ੍ਰੀਤ, ਰਸ, ਚਾਉ, ਖੇੜੇ ਤੋਂ ਵਾਂਝਾ ਰਹਿੰਦਾ ਹੈ। ਪਰ 'ਸ਼ਬਦ' ਦੀ ਕਮਾਈ ਕਰਨ ਨਾਲ, ਮਨ ਵਿਚ ਹਮੇਸ਼ਾਂ ਦੈਵੀ ਖ਼ਿਆਲ ਤੇ ਅਨੰਦੀ ਆਤਮਿਕ ਵਲਵਲੇ ਆਪਣੇ-ਆਪ ਉਪਜਦੇ ਰਹਿੰਦੇ ਹਨ ਅਤੇ ਮਨ ਹਮੇਸ਼ਾਂ ਪ੍ਰੇਮ-ਰੰਗ-ਰਸ ਵਿਚ ਮੌਲਦਾ ਤੇ ਖਿੜਿਆ ਰਹਿੰਦਾ ਹੈ।



1 *The mind becomes the jeweller, through the Word of the Guru's Shabad; it appraises the Diamond of the Lord.* *1325*

2 *The world is false and polluted; only the True One is Pure. Contemplate Him through the Word of the Guru's Shabad.*
*Those who have God's spiritual wisdom within, are known to be very rare.* *1331*

3 *The great swans are imbued with the Word of the Shabad; they enshrine the True Name within their hearts.* *585*

4 *Gurmukhs too belong to the family of swans of highest order who merging their consciousness in the Word remain stabilized.*
*Due to their power of knowledge and meditation, the gurmukhs sift milk from water (i.e. truth from falsehood).* *VBG 30/4*

5 *Preaching loving devotion, they, through the holy congregation reside in the abode of truth.*
*Gurmukhs being swans of the highest order (paramhans) keep their consciousness merged in the Shabad or Word.* *VBG 12/18*

According to (the quotation) 'The soul-bride and the Husband Lord live together as one..' the soul-bride (in man) and the Primal Soul (Waheguru) throughout the eight watches (or twenty four hours) reside in the bed-chamber of the heart but materialistic thoughts and sinful ways have resulted in the in the Husband-Lord being never ever in the mind. By cultivating the Shabad or Word in thought, word and deed in the presence of the sadh-sangat, the company of the holy, the remembrance of the Husband-Lord, takes root in the heart. By continuously engaging in the love-filled remembrance or simran, the union of the Husband-Lord and the soul-bride takes place.

6 *The bride who is Gurmukh is beautifully embellished.*
*Through the Word of the Shabad, she enshrines her Husband Lord within her heart.* *1227*

7 *She is embellished with the Word of the Shabad, and is loved by the True Lord.*
*She is the happy soul bride, who takes the Support of her Lord and Master.934*

Due to numerous difficulties, conflicts and worries, the mind goes into a melancholy state, and remains detached from love, relish, joy and exuberance. But with the cultivation of the Shabad or Word, virtuous thoughts and divine blissful emotions keep sprouting by themselves and the mind (filled) in the intoxication of joy-love-relish always keeps blooming.

"ਸਦਾ ਬਸੰਤੁ ਗੁਰ ਸਬਦੁ ਵੀਚਾਰੇ ।" (ਪੰਨਾ-1176)

ਛਾਵ ਘਣੀ ਫੂਲੀ ਬਨਰਾਇ ॥ ਗੁਰਮੁਖਿ ਬਿਗਸੈ ਸਹਜਿ ਸੁਭਾਇ ॥"
(ਪੰਨਾ-1174)

"ਨਾਨਕ ਨਾਮੇ ਸਭ ਹਰਿਆਵਲੀ,
ਗੁਰ ਕੈ ਸਬਦਿ ਵੀਚਾਰਿ ।" (ਪੰਨਾ—1285)

"ਗੁਰ ਕੈ ਸਬਦਿ ਇਹੁ ਮਨੁ ਮਉਲਿਆ,
ਹਰਿ ਗੁਣ ਦਾਤਾ ਨਾਮੁ ਵਖਾਣੈ ॥" (ਪੰਨਾ—1175)

ਸਦਾ ਅਨੰਦਿ ਰਹਹਿ ਦਿਨੁ ਰਾਤੀ, ਗੁਣਵੰਤਿਆ ਪਾਛਾਰੁ ॥
(ਪੰਨਾ—466)

"ਦੁਖੁ ਦਰਵਾਜਾ ਰੋਹੁ ਰਖਵਾਲਾ, ਆਸ ਅੰਦੇਸਾ ਦੁਇ ਪਟ ਜੜੇ ॥" ਅਨੁਸਾਰ, **'ਆਸਾ' ਅਤੇ 'ਅੰਦੇਸਾ'** ਦਸਮ ਦੁਆਰਾ ਦੇ ਦਰਵਾਜ਼ੇ ਦੇ ਦੋ ਵਡੇ-ਵਡੇ ਤਖ਼ਤੇ ਹਨ, ਜੋ ਕਿ ਬਹੁਤ ਸਖ਼ਤ ਹਨ । ਮਨ ਦੇ **'ਬਜਰ-ਕਪਾਟ'** ਕੇਵਲ **ਸਾਧ-ਸੰਗਤ ਵਿਚ ਅਟੁਟ ਸਬਦੁ ਦੀ ਕਮਾਈ ਦੁਆਰਾ ਹੀ ਖੁਲ੍ਹਦੇ ਹਨ ।**

"ਬਜਰ ਕਪਾਟ ਨ ਖੁਲਨੀ, **ਗੁਰ ਸਬਦਿ ਖੁਲੀਜੈ ॥"** (ਪੰਨਾ—954)

"ਬਜਰ ਕਪਾਟ ਜੜੇ ਜੜਿ ਜਾਣੈ, **ਗੁਰ ਸਬਦੀ ਖੋਲਾਇਦਾ ॥"**
(ਪੰਨਾ—103:)

ਇਸ ਤਰ੍ਹਾਂ ਸਬਦੁ ਦੀ ਕਮਾਈ ਦੁਆਰਾ ਜਦੋਂ **ਬਜਰ-ਕਪਾਟ ਖੁਲ੍ਹਦੇ ਹਨ,** ਤਾਂ ਤਿੰਨਾਂ 'ਭਵਨਾਂ' ਜਾਂ ਲੋਕਾਂ ਦੀ ਸੂਝ ਯਾ ਗਿਆਨ ਹੋ ਜਾਂਦਾ ਹੈ ।"

**"ਸਬਦਿ ਪਛਾਨੈ ਤੀਨੇ ਭਉਨ ॥"** (ਪੰਨਾ—221)

ਮਨੁਖ ਆਪਣੇ ਹਰ ਕੰਮ ਲਈ ਵਿਉਂਤ ਬਣਾਉਂਦਾ, ਤੇ ਉਦਮ ਕਰਦਾ ਹੈ । ਇਸ ਚਿੰਤਾ ਵਿਚ ਉਸਦਾ ਮਾਨਸਿਕ ਤਨਾਉ (Mental Tension) ਬਣਿਆ ਰਹਿੰਦਾ ਹੈ। ਪਰ, ਜਿਸ ਨੂੰ ਸਬਦੁ ਦੀ ਕਮਾਈ ਦੁਆਰਾ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ, ਤਾਂ

**'ਅਚਿੰਤ ਕੰਮ ਕਰੇ ਪ੍ਰਭ ਤਿਨ ਕੇ, ਜਿਨ ਹਰਿ ਕਾ ਨਾਮ ਪਿਆਰਾ ॥"**
ਅਨੁਸਾਰ, **ਉਸਦੇ ਹਰ ਕਾਰਜ ਦੀ ਸਾਰ-ਸੰਭਾਲ ਪ੍ਰਭੂ ਆਪ ਕਰਦਾ ਹੈ ।**

"ਨਾਨਕ ਸਬਦੁ ਅਪਾਰੁ, **ਤਿਨਿ ਸਭੁ ਕਿਛੁ ਸਾਰਿਆ** ॥"
(ਪੰਨਾ—320)

"ਟੂਟੇ ਗੰਠਿ ਪੜੈ ਵੀਚਾਰਿ ॥
**ਗੁਰਸਬਦੀ ਘਰਿ ਕਾਰਜੁ ਸਾਰਿ ॥** (ਪੰਨਾ—933)

"ਅੰਗੀਕਾਰੁ ਓਹੁ ਕਰੇ ਤੇਰਾ, ਕਾਰਜ ਸਭਿ ਸਵਾਰਨਾ ॥" (ਪੰਨਾ—917)



*1 Contemplating the Word of the Guru's Shabad, one is in spring forever. 1176*

*2 The plants have blossomed forth, giving a dense shade.*
*The Gurmukh blossoms forth, with intuitive ease. 1174*

*3 O Nanak, through the Name, all are rejuvenated, contemplating the Word of the Guru's Shabad. 1285*

*4 This mind blossoms forth in the Guru's Shabad, chanting the Name of the Lord, the Giver of virtue. 1175*

*5 They live in eternal bliss, day and night; they are the dust of the feet of the virtuous. 466*

According to the quotation 'Difficulty is the door and anger is the keeper, where breath connects both desire and anxiety, 'desire' and anxiety are the two very large and solid doors of the tenth gate. The 'rock hard-doors' of the mind only open through the continuous cultivation of the Shabad or Word in the sadh-sangat, the company of the holy.

*6 The rigid door is not open; only through the Word of the Guru's Shabad can it be opened. 954*

*7 The hard and heavy doors of the Tenth Gate are closed and locked. Through the Word of the Guru's Shabad, they are thrown open. 1033*

In this way as the hard heavy doors open as the result of cultivating the practice of the shabad or Word, the awareness or knowledge of the three 'worlds' comes into being.

*8 Through the Word of the Shabad one recognises the three worlds. 221*

For every deed a man does, he plans and makes an effort. In this concern, his mental tension is builds up. But the one who has acquired Naam through the cultivation of the Shabad or /word, then according to Guru Ji's quotation,

*God automatically does the work of those who love the Name of the Lord. 638*

God takes full care of all the work, man sets out to do.

*9 O Nanak, the Word of the Shabad is infinite; it has arranged everything perfectly. 320*

*10 The broken knot is tied again, through contemplation and meditation.*
*Through the Word of the Guru's Shabad, one's affairs are resolved in one's own home. 933*

*11 He will accept You as His own, and all your affairs will be perfectly arranged. 917*

ਸੰਤ ਜਨਾਂ ਦੀ ਸੰਗਤ ਵਿਚ ਇਕਾਗਰ ਚਿਤ ਸਬਦ ਦੁਆਰਾ **ਹਰੀ ਦੇ ਗੁਣ ਗਾਉਣ ਨਾਲ ਹੀ 'ਅਕੱਥ-ਕਥਾ' ਦੀ ਸੋਝੀ ਹੁੰਦੀ ਹੈ ਅਤੇ ਪ੍ਰਭੂ ਨਾਲ ਮੇਲ ਹੁੰਦਾ ਹੈ।**

"**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥**
**ਅਕਥ ਕਥਾ ਲੇ ਰਹਉ ਨਿਰਾਲਾ ॥**" (ਪੰਨਾ—943)

"**ਏਕੁ ਸਬਦੁ ਜਿਤੁ ਕਥਾ ਵੀਚਾਰੀ ॥**" (ਪੰਨਾ—943)

"**ਬੂਝਹੁ ਗਿਆਨੀ ਬੂਝਣਾ, ਏਹ ਕਥਾ ਮਨ ਮਾਹਿ ॥...**
ਸਤਿਗੁਰੁ ਮਿਲੈ ਤ ਜਾਣੀਐ, **ਜਾਂ ਸਬਦੁ ਵਸੈ ਮਨ ਮਾਹਿ ॥**"
(ਪੰਨਾ—1093)

"**ਸੰਤ ਜਨਾ ਵਡਭਾਗੀ ਪਾਇਆ, ਹਰਿ ਕਥੀਐ ਅਕਥ ਕਹਾਣੀ ॥**"
(ਪੰਨਾ— 774)

ਸਾਰੀ ਦੁਨੀਆਂ ਧਨ, ਜੋਬਨ, 'ਕੁਰਸੀ' ਆਦਿ ਦੇ ਆਸਰੇ ਹੀ ਸੰਸਾਰ ਵਿਚ ਵਡਿਆਈ ਪਾਉਣ ਲਈ ਪਾਗਲ (Mad) ਹੋਈ ਫਿਰਦੀ ਹੈ। ਧਾਰਮਿਕ ਖੇਤਰ ਵਿਚ ਵੀ ਬਹੁਤ ਲੋਕ, ਨਾਮ ਦੀ ਵਡਿਆਂਈ ਲਈ ਅਨੇਕਾਂ ਧਾਰਮਿਕ ਕਰਮ-ਕਾਂਡ ਜਪ, ਤਪ ਅਤੇ ਅਨੇਕਾਂ ਸਾਧਨਾਵਾਂ ਕਰਦੇ ਹਨ। ਪਰ ਇਹ **'ਨਾਮ-ਵਡਿਆਈ' ਕੇਵਲ ਸਾਧ-ਸੰਗਤ ਦੇ ਆਸਰੇ, 'ਸਬਦੁ' ਦੁਆਰਾ ਹਉਮੈ ਤਿਆਗਣ ਨਾਲ ਹੀ ਮਿਲਦੀ ਹੈ।**

"ਨਾਨਕ ਤਾ ਕਉ ਮਿਲੈ ਵਡਾਈ, **ਜਿਸੁ ਘਟ ਭੀਤਰਿ ਸਬਦੁ ਰਵੈ ॥**"
(ਪੰਨਾ—952)

"ਨਾਨਕ ਗੁਰਮੁਖਿ ਸਬਦੁ ਸਮਾਲੇ, **ਰਾਮ ਨਾਮਿ ਵਡਿਆਈ ॥**"
(ਪੰਨਾ—1132)

"ਸਬਦੁ ਚੀਨਿ੍ ਸਹਜ ਘਰਿ ਆਵਹੁ ॥
ਸਾਚੈ ਨਾਇ ਵਡਾਈ ਪਾਵਹੁ ॥" (ਪੰਨਾ—832)

ਸਮੁਚੀ ਸੰਸਾਰਕ ਤੇ ਧਾਰਮਿਕ ਸ਼੍ਰੇਣੀ ਦਾ ਜੀਵਨ ਮਾਇਆ ਦੇ ਤ੍ਰੈ-ਗੁਣਾਂ ਵਿਚ ਹੀ ਗੁਜ਼ਰਦਾ ਹੈ। ਪਰ, **ਪਰਮਗਤਿ ਯਾ ਪਰਮਪਦੁ ਦੀ ਪ੍ਰਾਪਤੀ ਕੇਵਲ, 'ਸਾਧ ਸੰਗਤ' ਰੂਪੀ 'ਸਚੀ-ਟਕਸਾਲ' ਵਿਚ ਸਬਦੁ ਦੀ ਕਮਾਈ ਦੁਆਰਾ ਹੁੰਦੀ ਹੈ।**

"**ਅੰਮ੍ਰਿਤ ਸਬਦੁ ਪੀਵੈ ਜਨੁ ਕੋਇ ॥**
**ਨਾਨਕ ਤਾਕੀ ਪਰਮਗਤਿ ਹੋਇ ॥**" (ਪੰਨਾ—394)

"**ਗੁਰ ਸਬਦੁ ਦ੍ਰਿੜਾਇਆ, ਪਰਮ ਪਦੁ ਪਾਇਆ,**
**ਦੁਤੀਅ ਗਏ ਸੁਖ ਹੋਊ ॥**" (ਪੰਨਾ 535)



Only the singing of the praises of the Lord with full attention, in the company of holy evolved souls, through the Shabad or Word of the Guru, can an awareness of the 'unutterable narration' take place and bring about a union with the Lord.

1 *The Shabad is the Guru, upon whom I lovingly focus my consciousness; I am the chaylaa, the disciple.*
*Speaking the Unspoken Speech, I remain unattached.* 943

2 *I contemplate the sermon of the Shabad, the Word of the One God.* 943

3 *O spiritual teachers, understand this: the Unspoken Speech is in the mind...*
*One meets the True Guru, and then the Lord is known, when the Word of the Shabad comes to dwell in the mind.* 1093

4 *By great good fortune, I have found the humble Saints, and I speak the Unspoken Speech of the Lord.* 774

For the sake of attaining glory in the world, the whole mankind is madly after wealth, youth, 'chair (position) etc. Even in the religious sphere, many people indulge in numerous religious rites-rituals, chants, penance and various disciplining postures for the sake of the glory that Naam (brings). But this glory of the Naam is made available only with the help of the Sadh sangat, the company of the holy with the surrendering of the egotism through the Shabad or Word.

5 *O Nanak, he alone is blessed with glorious greatness, whose heart is filled with the Word of the Shabad.* 952

6 *O Nanak, the Gurmukh contemplates the Word of the Shabad, and is blessed with the glorious greatness of the Lord's Name.* 1132

7 *Contemplating the Word of the Shabad, you shall come to the home of celestial bliss.*
*Through the True Name, you shall obtain glorious greatness.* 832

The whole of the life of the worldly and religious category (of people) is lived at the level of the three attributes of materialism. But the procurement of supreme salvation or the supreme level takes place only in the institution of the 'Sadh-sangat' the company of the holy through the cultivation of the Shabad or Word.

*How rare is that humble being, who drinks in the Ambrosial Nectar of the Word of the Shabad.*
*O Nanak, he attains the state of highest dignity.* 394

*The Guru has implanted the Word of His Shabad within me; I have attained the supreme status. My sense of duality has been dispelled, and now, I am at peace.* 535

ਜੀਵ, ਮਾਇਕੀ 'ਭਉਜਲ' ਦੇ ਵਿਕਾਰੀ-'ਘੁੰਮਨਘੇਰ' ਅਤੇ 'ਚਿੰਤਾ-ਝੱਖੜਾਂ' ਵਿਚ ਗੋਤੇ ਖਾਂਦਾ ਹੋਇਆ ਦੁਖੀ ਰਹਿੰਦਾ ਹੈ। ਇਸ 'ਅਗਨ-ਸੋਕ ਸਾਗਰ' ਅਥਵਾ ਭਉਜਲ ਤੋਂ, ਕੇਵਲ ਸਾਡੀ 'ਸੁਰਤਿ' ਹੀ, ਸਬਦ ਦੇ ਜਹਾਜ਼ ਤੇ ਸਵਾਰ ਹੋਕੇ ਪਾਰ ਲੰਘ ਸਕਦੀ ਹੈ।

"ਭਉਜਲੁ ਬਿਖਮੁ ਅਸਗਾਹੁ, ਗੁਰ ਸਬਦੀ ਪਾਰਿ ਪਾਹਿ ॥" (ਪੰਨਾ—962)

"ਭਵਜਲੁ ਸਬਦਿ ਲੰਘਾਵਣਹਾਰੁ ॥" (ਪੰਨਾ—943)

"ਸਤਿਗੁਰੂ ਹੈ ਬੋਹਿਥਾ, ਸਬਦਿ ਲੰਘਾਵਣਹਾਰੁ ॥" (ਪੰਨਾ—1010)

"ਇਹ ਭਉਜਲੁ ਜਗਤੁ ਸਬਦਿ ਗੁਰ ਤਰੀਐ ॥" (ਪੰਨਾ—1043)

"ਜਿਨਿ ਕਿਛੁ ਕੀਆ ਸੋਈ ਜਾਣੈ,
ਸਬਦੁ ਵੀਚਾਰਿ ਭਉ ਸਾਗਰੁ ਤਰੈ ॥" (ਪੰਨਾ—13÷2)

'ਥੰਮੇ ਕੋਇ ਨ ਸਾਧ ਬਿਨ' (ਵਾ:ਭਾ:ਗੁ:—1/22)

ਅਨੁਸਾਰ, 'ਸਬਦ-ਸੁਰਤਿ' ਵਿਚ ਲਿਵਲੀਨ ਹੋਏ ਗੁਰਮੁਖ ਪਿਆਰਿਆਂ ਦੀ ਅਕਲ-ਕਲਾ ਦੁਆਰਾ ਹੀ ਸੰਸਾਰ ਥੰਮਿਆ ਹੋਇਆ ਹੈ।

"ਤਿਥੈ ਅੰਮ੍ਰਿਤ ਭੋਜਨ ਸਹਜ ਧੁਨਿ ਉਪਜੈ,
ਜਿਤੁ ਸਬਦਿ ਜਗਤੁ ਥੰਮਿ ਰਹਾਇਆ ॥" (ਪੰਨਾ—441)

ਗੁਰ ਸਬਦ ਵਿਚ ਪ੍ਰਭੂ ਦਾ ਨਾਮ-ਰੂਪੀ-'ਪ੍ਰੇਮ-ਪਦਾਰਥ' ਓਤ-ਪੋਤ ਹੈ। 'ਸਾਧ-ਸੰਗਤ' ਰੂਪੀ ਸਚੀ-ਟਕਸਾਲ ਵਿਚ, ਮਨ-ਬਚ-ਕਰਮ ਕਰਕੇ ਸਬਦ ਦੀ ਕਮਾਈ ਕਰਦਿਆਂ, ਸਹਜੇ ਹੀ ਗੁਰਪਰਸਾਦਿ ਦੁਆਰਾ, 'ਨਾਮ ਵਿਚ ਸਮਾਈ ਹੋ ਜਾਂਦੀ ਹੈ।

"ਨਾਨਕ ਨਿਰਮਲ ਨਾਦੁ ਸਬਦ ਧੁਨਿ,
ਸਚੁ ਰਾਮੈ ਨਾਮਿ ਸਮਾਇਦਾ ॥" (ਪੰਨਾ-1038)

"ਅਨਹਤ ਬਾਣੀ ਗੁਰਸਬਦਿ ਜਾਣੀ,
ਹਰਿ ਨਾਮੁ ਹਰਿ ਰਸੁ ਭੋਗੋ ॥" (ਪੰਨਾ-921)

ਸਾਡੇ ਮਨ ਵਿਚੋਂ ਵਿਕਾਰੀ ਤੇ ਮਾਇਕੀ ਫੁਰਨੇ, ਵਲਵਲੇ ਆਦਿ ਆਪ-ਮੁਹਾਰੇ ਫੁਹਾਰੇ ਵਾਂਗ ਫੁਟਦੇ ਰਹਿੰਦੇ ਹਨ, ਜੋ ਕਿ ਅਤਿਅੰਤ ਪਰੇਸ਼ਾਨੀ ਤੇ ਮਾਨਸਿਕ ਤਨਾਉ ਦਾ ਕਾਰਨ ਬਣਦੇ ਹਨ। ਸਾਧ-ਸੰਗਤ ਵਿਚ ਸਬਦੁ ਦੀ ਕਮਾਈ ਕਰਨ ਨਾਲ, ਹਰ ਫੁਰਨੇ ਅਤੇ ਵਲਵਲੇ ਨੂੰ 'ਸਬਦ' ਦੀ ਦੈਵੀ ਪਿਓਂਦ ਚੜ੍ਹ ਜਾਂਦੀ ਹੈ, ਜਿਸ ਨਾਲ ਅਠੇ ਪਹਿਰ ਅਨਹਦ ਧੁਨੀ ਜਾਂ ਰੁਣਝੁਣਕਾਰ ਦਾ ਅਨੰਦੀ, ਬਿਸਮਾਦੀ ਤੇ ਰਸੀਲਾ ਸੰਗੀਤ ਗੂੰਜਦਾ ਹੈ।



Man, adrift in the 'whirlpool' and the 'storms of anxiety' of the materialistic 'ocean of fear', continuous to suffer. This 'fiery ocean of grief' or 'ocean of fear' can only be crossed by our 'consciousness when it boards the ship of the Shabad or Word.

1 *The terrifying, treacherous, impassible world-ocean is crossed over, through the Word of the Guru's Shabad.* 962

2 *The Word of the Shabad carries him across the terrifying world-ocean.* 943

3 *The True Guru is the boat; the Word of the Shabad will carry them across.* 1010

4 *Through the Shabad, one crosses over this terrifying world-ocean.* 1043

5 *The One who created this, He alone understands. Contemplating the Word of the Shabad, one is carried across the terrifying world-ocean.* 1342

6 *Now this earth cannot be upheld without the saints.....* VBG 1/22

According to the above quotations, earth is supported by the spiritual power of the Guru-Orientated beloveds who are imbued in the 'Shabad-Word consciousness'.

7 *There, Ambrosial Nectar is food and the celestial music resounds; the world is held spell-bound by the music of the Word.* 441

The Naam form of 'love substance' is interwoven and intertwined in the Guru's Shabad or Word. In the true-institution of the 'sadh-sangat' the company of the holy, because of thought, word and deed, through the grace of the Guru, merger with the Naam spontaneously takes place through the cultivation and practice of the Shabad or Word.

8 *O Nanak, the immaculate sound current of the Naad, and the Music of the Shabad resound; one merges into the True Name of the Lord.* 1038

9 *I have come to know the unstruck sound current and the Word of the Guru's Shabad; I enjoy the sublime essence of the Lord, the Lord's Name.* 921

Sinful and materialistic thoughts, emotions etc. which cause enormous anxiety and mental tension, automatically keep sprouting like a fountain from our mind. By engaging in the cultivation of the Shabad or Word in the Sadh-sangat, the company of the holy, every thought and emotion, gets divinely grafted with the 'Shabad or Word'. This results in the musical resounding of the blissful, wondrous, and sweet unstruck melody or celestial jingle.

"ਅਨਹਦ ਵਾਜੇ ਧੁਨਿ ਵਜਦੇ, **ਗੁਰ ਸਬਦਿ ਸੁਣੀਜੈ** ॥ (ਪੰਨਾ-955)

"**ਗੁਰਸਬਦੀ ਮੇਲਾ ਤਾਂ ਸੁਹੇਲਾ,**
**ਬਾਜੰਤ ਅਨਹਦ ਬੀਣਾ** ॥" (ਪੰਨਾ-767)

"**ਜੈ ਜੈ ਸਬਦੁ ਅਨਾਹਦੁ ਵਾਜੈ** ॥
**ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ** ॥" (ਪੰਨਾ—295)

"**ਅਨਹਦ ਧੁਨੀ ਮੇਰਾ ਮਨੁ ਮੋਹਿਓ**
**ਅਚਰਜ ਤਾਕੇ ਸ੍ਵਾਦ** ॥" (ਪੰਨਾ-1226)

ਅਗਿਆਨਤਾ ਅਤੇ ਭਰਮ ਕਾਰਨ, ਦੁਬਿਧਾ ਉਪਜਦੀ ਹੈ, ਅਤੇ ਦੁਬਿਧਾ ਕਾਰਨ ਵਿਸ਼ਵਾਸ ਡਾਂਵਾਂਡੋਲ ਰਹਿੰਦਾ ਹੈ। ਪਰ ਬਖਸ਼ੇ ਹੋਏ ਦ੍ਰਿੜ ਵਿਸ਼ਵਾਸੀ ਗੁਰਮੁਖ ਪਿਆ-ਰਿਆਂ ਦੀ ਅਗਵਾਈ ਅਥਵਾ **ਸਾਧ-ਸੰਗਤ ਵਿਚ, ਗੁਰਸਬਦ ਦੀ ਕਮਾਈ ਦੁਆਰਾ, ਦੁਬਿਧਾ ਤੇ ਭਰਮ ਦੂਰ ਹੋ ਜਾਂਦਾ ਹੈ ਅਤੇ ਜਗਿਆਸੂ ਆਤਮਿਕ ਅਡੋਲਤਾ ਅਤੇ ਸਹਜ ਵਿਚ ਵਸਦਾ ਹੈ** ।

"**ਸਬਦੇ ਰਾਤੇ ਸਹਜੇ ਮਾਤੇ,**
ਅਨਦਿਨੁ ਹਰਿ ਗੁਣ ਗਾਏ ॥" (ਪੰਨਾ—601)

"**ਸਬਦੁ ਚੀਨਿ ਆਤਮੁ ਪਰਗਾਸਿਆ, ਸਹਜੇ ਰਹਿਆ ਸਮਾਈ** ॥"
(ਪੰਨਾ—753)

'**ਗੁਰਸਬਦੇ ਰਾਤਾ ਸਹਜੇ ਮਾਤਾ**, ਨਾਮੁ ਮਨਿ ਵਸਾਏ॥' (ਪੰਨਾ—771)

"**ਸਬਦੁ ਚੀਨਿ ਸਹਜ ਘਰਿ ਆਵਹੁ** ॥" (ਪੰਨਾ—833)

"**ਗੁਰ ਕੈ ਸਬਦਿ ਇਹੁ ਮਨੁ ਰਾਤਾ, ਦੁਬਿਧਾ ਸਹਜਿ ਸਮਾਣੀ** ॥"
(ਪੰਨਾ—1350)

ਜਿਤਨਾ ਚਿਰ ਜਗਿਆਸੂ ਸੰਸਾਰਕ ਆਸਾ-ਤ੍ਰਿਸ਼ਨਾ ਵਲੋਂ 'ਮਰਦਾ' ਨਹੀਂ, ਉਤਨਾ ਚਿਰ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਦੂਜੇ ਲਫ਼ਜ਼ਾਂ ਵਿਚ **ਸਾਧ-ਸੰਗਤ ਵਿਚ ਸਬਦ ਦੀ ਕਮਾਈ ਕਰਕੇ ਹੀ ਮਾਇਕੀ ਜੀਵਨ ਵਲੋਂ 'ਮਰੀਦਾ' ਹੈ ਅਤੇ ਆਤਮਿਕ ਜੀਵਨ ਯਾ ਮੰਡਲ ਵਿਚ ਨਵਾਂ ਜਨਮ ਹੁੰਦਾ ਹੈ** ।

"**ਸਬਦਿ ਮਰੈ ਮਨੁ ਮਾਰਿ**, ਧੰਨੁ ਜਣੇਦੀ ਮਾਇਆ ॥" (ਪੰਨਾ—1286)

"**ਖਿਨ ਮਹਿ ਮੂਏ ਜਾ ਸਬਦੁ ਪਛਾਨਿਆ** ॥" (ਪੰਨਾ—932)

"**ਸਬਦਿ ਮਰਹੁ ਫਿਰਿ ਜੀਵਹੁ ਸਦ ਹੀ, ਤਾ ਫਿਰਿ ਮਰਣੁ ਨ ਹੋਈ** ॥"
(ਪੰਨਾ—604)



1 *The unstruck sound current resounds and vibrates there. The Word of the Guru's Shabad is heard.* 955

2 *Through the Word of the Guru's Shabad, the mortal is united, and then embellished; the unstruck melody of the sound current resounds.* 767

3 *Hail, hail to him, for whom the sound current of the Shabad vibrates. Hearing it again and again, he is in bliss, proclaiming God's Praises.* 295

4 *My mind is enticed by the unstruck celestial melody; its flavor is amazing!* 1226

Duality arises because of ignorance and doubt and duality keeps faith in a state of flux. But under the guidance of ingrained faith filled Guru-orientated beloveds or the sadh-sangat, the company of the holy, with the cultivation of the Guru's Shabad or Word, duality and doubt move away and the seeker remains in a state of divine stability and equipoise.

5 *Imbued with the Word of the Shabad, and intoxicated with celestial bliss, night and day, they sing the Glorious Praises of the Lord.* 601

6 *Concentrating on the Word of the Shabad, the soul is illumined and enlightened. I remain absorbed in celestial ecstasy.* 753

7 *They are imbued with the Word of the Guru's Shabad, and intoxicated with celestial peace; the Naam abides in their minds.* 771

8 *Contemplating the Word of the Shabad, you shall come to the home of celestial bliss.* 833

9 *This mind is imbued with the Word of the Guru's Shabad, and duality is easily overcome.* 1350

For as long as man does not die to worldly hopes and desires, for that length of time, the attainment of Naam does not take place. In other words, it is only by cultivating the practice of the Shabad or Word (of the Guru) that man is able to 'die' to the materialistic life and attain a new birth in the Divine life (world) or realm.

10 *The Lord is my sacred shrine of pilgrimage and pool of purification; I wash my mind in Him.* 1286

11 *He dies in an instant, when he realizes the Word of the Shabad.* 932

12 *Dying in the Word of the Shabad, you shall live forever, and you shall never die again.* 604

'ਸਬਦਿ ਮੂਆ ਵਿਚਹੁ ਆਪੁ ਗਵਾਇ ॥" (ਪੰਨਾ—361)

"ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥" (ਪੰਨਾ—940)

ਜਦੋਂ ਜਗਿਆਸੂ ਦੀ ਸੁਰਤ ਮਤਿ ਮਨ ਬੁਧੀ, ਸਾਧ-ਸੰਗਤ ਦੀ **ਸੱਚੀ-ਟਕਸਾਲ ਵਿਚ ਸਬਦੁ ਦੀ ਕਮਾਈ ਦੁਆਰਾ ਘੜੀ ਜਾਂਦੀ ਹੈ, ਤਾਂ ਉਸਦੇ ਅੰਦਰ ਅਨੁਭਵੀ ਅਧਿਆਤਮਕ ਗਿਆਨ ਉਪਜਦਾ ਹੈ ।**

"**ਸਬਦੇ ਉਪਜੈ ਅੰਮ੍ਰਿਤ ਬਾਣੀ,** ਗੁਰਮੁਖਿ ਆਖਿ ਸੁਣਾਵਣਿਆ ॥"
(ਪੰਨਾ—125)

'**ਸਬਦ-ਸੁਰਤਿ ਲਿਵਲੀਣ ਹੋਇ, ਅਨਭਉ ਅਘੜ ਘੜਾਏ ਗਹਣਾ।**'
(ਵਾ: ਭਾ: ਗੁ: 18/22)

"**ਸਤਿਗੁਰ ਸਬਦੀ ਇਹੁ ਮਨੁ ਭੇਦਿਆ,** ਹਿਰਦੈ ਸਾਚੀ ਬਾਣੀ ॥"
(ਪੰਨਾ—1259)

ਸਬਦ ਦੀ ਕਮਾਈਕਰ ਦਿਆਂ ਜਗਿਆਸੂ ਨੂੰ **ਅੰਤਰ-ਆਤਮੇ 'ਨਿਜ-ਘਰੁ' ਵਾਸਾ,** ਜਾਂ **'ਸਹਿਜ-ਸਮਾਧਿ' ਪ੍ਰਾਪਤ ਹੋ ਜਾਂਦੀ** ਹੈ, ਜਿਸ ਨਾਲ ਉਸ ਦੀ **ਹਰ ਤਰ੍ਹਾਂ ਦੀ ਭਟਕਣਾ ਖ਼ਤਮ ਹੋ ਜਾਂਦੀ ਹੈ ।**

"**ਸਬਦੁ ਸਲਾਹਹਿ,** ਸੇ ਜਨ ਨਿਰਮਲ,
**ਨਿਜ ਘਰਿ ਵਾਸਾ ਤਾਹਾ ਹੇ** ॥" (ਪੰਨਾ—1054)

"ਗੁਰ ਕੈ ਸਬਦਿ ਹਉਮੈ ਬਿਖੁ ਮਾਰੇ,
ਤਾ ਨਿਜ ਘਰਿ ਹੋਵੈ ਵਾਸੋ ॥" (ਪੰਨਾ—940)

"**ਸਚੁ ਸਬਦੁ ਕਮਾਈਐ, ਨਿਜ ਘਰਿ ਜਾਈਐ,**
**ਪਾਈਐ ਗੁਣੀ ਨਿਧਾਨਾ** ॥" (ਪੰਨਾ—436)

'ਜੀਵ-ਰੂਪ' ਇਸਤ੍ਰੀ, 'ਸੁਹਾਗਣ' ਤਾਂ ਹੀ ਬਣ ਸਕਦੀ ਹੈ, ਜੇ ਉਹ **ਅਉਗਣ ਤਿਆਗ ਕੇ, ਮਨ ਤਨ ਅਰਪ ਕੇ, ਭੈ-ਭਾਇ, ਨਿਮ੍ਰਤਾ ਆਦਿ ਦੇ ਦੈਵੀ ਗੁਣਾਂ ਦਾ 'ਸ਼ਿੰਗਾਰ' ਕਰੇ ।** ਪਰ ਇਹ **'ਸ਼ਿੰਗਾਰ', ਕੇਵਲ ਸਾਧ-ਸੰਗਤ ਵਿਚ ਸਬਦੁ ਦੀ ਕਮਾਈ ਦੁਆਰਾ ਹੀ ਕੀਤਾ ਜਾ ਸਕਦਾ ਹੈ ।**

"**ਸਬਦਿ ਰਤੀ ਸੋਹਾਗਣੀ, ਸਤਿਗੁਰ ਕੈ ਭਾਇ ਪਿਆਰਿ** ॥"
(ਪੰਨਾ—89)

"**ਤਾ ਸੁਹਾਗਣਿ ਜਾਣੀਐ, ਗੁਰ ਸਬਦੁ ਬੀਚਾਰੇ** ॥" (ਪੰਨਾ—334)

"**ਸਦਾ ਸੁਹਾਗਣਿ ਸਬਦੁ ਮਨਿ, ਭੈ ਭਾਇ ਕਰੇ ਸੀਗਾਰੁ** ॥"
(ਪੰਨਾ—787)



1 *One who dies in the Word of the Shabad, eradicates his self-conceit from within.* 361

2 *Born into the House of the True Guru, my wandering in reincarnation ended.* 940

When the consciousness, mind and intellect of the seeker, gets fashioned in the true institution of the the sadh-sangat, the company of the holy, through the cultivation of the Shabad or Word, then intuitional spiritual knowledge sprouts within him.

3 *The Ambrosial Word of the Guru's Bani emanates from the Word of the Shabad. The Gurmukh speaks it and hears it.* 125

4 *Merging consciousness in the Word, the unfashioned (mind) becomes a fashioned jewel.* VBG18/22

5 *The Shabad, the Word of the True Guru, has pierced my mind. The True Word of His Bani permeates my heart.* 1259

While cultivating the Shabad or Word, the seeker gets to reside in the innate self, in the home of his own being or acquires a state of 'spontaneous-meditation'. With this all every possible form of wandering comes to an end.

6 *Those humble beings who praise the Shabad are immaculate; they dwell within the home of their own inner self.* 1054

7 *Through the Word of the Guru's Shabad, egotism and corruption are conquered, and then one comes to dwell in the home of the self within.* 940

8 *Practicing the True Word of the Shabad, one comes to the home of his own inner being, and obtains the treasure of virtue.* 436

The human form as a women can only become a bride if she discards evil, surrenders her mind and body and decorates or bedecks herself with the virtues like humility etc. But this decoration can only be done in the (presence of the) sadh-sangat, the company of the holy.

9 *The happy soul-bride is attuned to the Word of the Shabad; she is in love with the True Guru.* 89

10 *Then she is known as the happy soul-bride, if she contemplates the Word of the Guru's Shabad.* 334

11 *She becomes His soul-bride forever, with the Word of the Shabad in her mind; she makes the Fear of God and the Love of God her ornaments and decorations.* 787

L62/14

ਦੇਹੀ ਨੋ ਸਬਦੁ ਸੀਗਾਰੁ ਹੈ, ਜਿਤੁ ਸਦਾ ਸਦਾ ਸੁਖੁ ਹੋਇ ॥"
(ਪੰਨਾ—1092)

"ਬਾਣੀ ਗੁਰੂ, ਗੁਰੂ ਹੈ ਬਾਣੀ ॥" (ਪੰਨਾ— 82)

ਅਨੁਸਾਰ, 'ਗੁਰਸਬਦੁ' ਤੇ 'ਗੁਰੂ' ਓਤਪੋਤ ਹਨ। ਜਿਉਂ ਜਿਉਂ ਜਗਿਆਸੂ ਸਾਧ-ਸੰਗਤ ਵਿਚ 'ਸਬਦੁ' ਦੀ ਮਨ ਬਚ-ਕਰਮ ਕਰਕੇ ਕਮਾਈ ਕਰਦਾ ਹੈ, ਤਿਉਂ-ਤਿਉਂ ਉਹ ਗੁਰੂ ਦੇ ਨਜ਼ਦੀਕ ਹੁੰਦਾ ਜਾਂਦਾ ਹੈ। ਇਵੇਂ ਉਹ ਸਹਜੇ ਹੀ ਗੁਰੂ ਦਾ 'ਮਹਲ' ਪ੍ਰਾਪਤ ਕਰ ਲੈਂਦਾ ਹੈ।

"ਸਬਦੇ ਪਤੀਜੈ ਅੰਕੁ ਭੀਜੈ, ਸੁ ਮਹਲੁ ਮਹਲਾ ਅੰਤਰੇ ॥
ਗੁਰ ਸਬਦਿ ਮੇਲਾ ਤਾਂ ਸੁਹੇਲਾ, ਬਾਜੰਤ ਅਨਹਦ ਬੀਣਾ ॥
ਗੁਰ ਮਹਲੀ ਘਰਿ ਆਪਣੈ, ਸੋ ਭਰਿਪੁਰਿ ਲੀਣਾ ॥" (ਪੰਨਾ—767)
"ਗੁਰ ਕੈ ਸਬਦਿ ਮਹਲੁ ਘਰੁ ਦੀਸੈ ।" (ਪੰਨਾ 839)

ਪਹਿਲਾਂ ਦਸਿਆ ਜਾ ਚੁਕਾ ਹੈ ਕਿ, ਪ੍ਰਮਾਤਮਾ ਦੇ ਸਾਰੇ ਗੁਣ 'ਸਬਦੁ' ਵਿਚ ਮੌਜੂਦ ਹਨ। ਇਸ ਲਈ 'ਸਬਦੁ' ਭੀ ਸਰਬਵਿਆਪਕ ਤੇ 'ਸਰਬ ਰਹਿਆ ਭਰਪੂਰ' ਹੈ।

"ਸਬਦੇ ਰਵਿ ਰਹਿਆ, ਗੁਰ ਰੂਪਿ ਮੁਰਾਰੇ ॥" (ਪੰਨਾ—1112)
"ਹਰਿ ਜੀਉ ਵੇਖੈ ਸਦ ਹਜੂਰਿ ॥ ਗੁਰ ਕੈ ਸਬਦਿ ਰਹਿਆ ਭਰਪੂਰਿ ॥"
(ਪੰਨਾ—1173)

"ਆਨਦ ਮੂਲੁ ਰਾਮੁ ਸਭੁ ਦੇਖਿਆ, ਗੁਰਸਬਦੀ ਗੋਵਿਦੁ ਗਜਿਆ ॥"
(ਪੰਨਾ—1316)

"ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ,
ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥" (ਪੰਨਾ—945)

ਪ੍ਰਭੂ ਖੁਦ ਨਿਰਮਲ ਹੈ ਅਤੇ ਉਸ ਤੋਂ ਉਪਜਿਆ 'ਸਬਦੁ' ਅਤੇ 'ਨਾਮੁ' ਵੀ 'ਨਿਰਮਲ' ਹੈ। ਪਰ, ਜੀਵ ਦਾ ਮਨ, ਜਗਤ ਦੀ ਮਾਇਕੀ ਕਾਲ ਕੋਠੜੀ ਅੰਦਰ ਵਿਚਰਦਾ ਹੋਇਆ, ਕਾਲਾ ਤੇ ਮੈਲਾ ਹੋ ਜਾਂਦਾ ਹੈ। ਇਹ ਮੈਲ ਕੇਵਲ ਲਗਾਤਾਰ ਸਾਧ-ਸੰਗਤ ਕਰਦਿਆਂ ਹੋਇਆਂ, ਸਬਦ ਦੀ ਕਮਾਈ ਦੁਆਰਾ ਹੀ ਦੂਰ ਹੁੰਦੀ ਹੈ ਅਤੇ ਫਿਰ 'ਮਨ' ਪਵਿਤ੍ਰ ਅਤੇ ਨਿਰਮਲ ਹੋ ਜਾਂਦਾ ਹੈ।

"ਮੰਨੁ ਧੋਵਹੁ ਸਬਦਿ ਲਾਗਹੁ, ਹਰਿ ਸਿਉ ਰਹਹੁ ਚਿਤੁ ਲਾਇ ॥"
(ਪੰਨਾ—920)



1 *The body is adorned with the Shabad, and is at peace forever and ever.* 1092

2 *The Word, the Bani is Guru, and Guru is the Bani...* 82

According to the above quotations the 'Guru's Shabad or Word' and 'Guru' are interwoven. As the seeker in thought, word and deed, cultivates the 'Shabad or Word' in the sadh-sangat, the company of the holy, he gets nearer to the Guru. In this way he spontaneously attains the 'mansion' of the Guru.

3 *Confirmed in the Shabad, with her being softened by devotion, the bride dwells in the Mansion of the Lord's Presence, deep within her being....*
*Through the Word of the Guru's Shabad, the mortal is united, and then embellished; the unstruck melody of the sound current resounds.*
*One who finds the Guru's Mansion within the home of his own being, merges in the All-pervading Lord.* 767

4 *Through the Word of the Guru's Shabad, the Mansion of the Lord's Presence is revealed within the home of one's own heart.* 839

It has been stated earlier that all the virtues of the Primal Being are present in the 'Shabad'. Therefore the 'Shabad or Word' too is omnipresent and 'all pervading and permeating'.

5 *The Shabad is pervading, through the Guru, the Embodiment of the Lord.* 1112

6 *He sees the Dear Lord always close at hand, ever-present.*
*Through the Word of the Guru's Shabad, he sees the Lord pervading and permeating all.* 1173

7 *I see the Lord, the Source of Bliss, everywhere; through the Word of the Guru's Shabad, the Lord of the Universe is revealed.* 1316

8 *This Shabad permeates the nucleus of the self, deep within, in its own home; the Light of this Shabad pervades the three worlds.* 945

The Primal Lord Himself is pure and the 'Shabad or Word' and 'Naam' that sprouts from Him is 'blemishless' as well. But man's mind becomes black and dirty while residing in the dungeon of materialism. This dirt can only be erased through the continuous cultivation of the 'Shabad or Word' in the presence of the Sadh-sangat, the company of the holy. Only then the 'mind' becomes pure.

9 *Wash your mind by attaching it to the Shabad, and keep your consciousness focused on the Lord.* 920

"ਪਵਿਤ ਪਾਵਨ ਸੇ ਜਨ ਸਾਚੇ, ਏਕ ਸਬਦਿ ਲਿਵ ਲਾਈ ॥"
(ਪੰਨਾ—910)

"ਸਬਦਿ ਰਤੇ ਸੇ ਨਿਰਮਲੇ, ਚਲਹਿ ਸਤਿਗੁਰ ਭਾਇ ॥"(ਪੰਨਾ—234)

"ਸਬਦੇ ਮਨੁ ਤਨੁ ਨਿਰਮਲੁ ਹੋਆ, ਹਰਿ ਵਸਿਆ ਮਨਿ ਆਈ ॥"
(ਪੰਨਾ—601)

"ਤੂ ਆਪਿ ਨਿਰਮਲੁ, ਤੇਰੇ ਜਨੁ ਹੈ ਨਿਰਮਲ,
ਗੁਰ ਕੈ ਸਬਦਿ ਵੀਚਾਰੇ ॥" (ਪੰਨਾ—1155)

"ਗੁਰ ਸਬਦੀ ਮਨੁ ਨਿਰਮਲੁ ਹੋਆ,
ਚੂਕਾ ਮਨਿ ਅਭਿਮਾਨੁ ॥" (ਪੰਨਾ— 1334)

ਆਪਣੀ ਅੰਦਰਲੀ 'ਜੋਤਿ' ਨੂੰ 'ਪਰਮ-ਜੋਤ' ਵਿਚ ਮਿਲਾਉਣਾ, ਮਨੁਖਾ ਜਨਮ ਦਾ ਮੁਖ ਪ੍ਰਯੋਜਨ ਜਾ ਨਿਸ਼ਾਨਾ ਹੈ। ਇਸ ਲਈ ਸਬਦ ਦੀ ਕਮਾਈ ਦੁਆਰਾ ਹੀ, ਜਗਿਆਸੂ ਹਉਮੈ ਨੂੰ ਸਾਧ-ਸੰਗਤ ਵਿਚ ਦੂਰ ਕਰਕੇ, ਪਰਮਾਤਮਾ ਵਿਚ ਸਮਾ ਸਕਦਾ ਹੈ।

"ਆਤਮ ਰਾਮੁ ਰਾਮੁ ਹੈ ਆਤਮ, ਹਰਿ ਪਾਈਐ ਸਬਦਿ ਵੀਚਾਰਾ ਹੇ ॥"
(ਪੰਨਾ—1031)

"ਅੰਤਰਿ ਜੋਤਿ ਸਬਦਿ ਸੁਖੁ ਵਸਿਆ, ਜੋਤੀ ਜੋਤਿ ਮਿਲਾਇਆ ॥"
(ਪੰਨਾ—1068)

"ਨਾਨਕ ਬਖਸਿ ਮਿਲਾਇਅਨੁ ਸਚੈ ਸਬਦਿ ਹਦੂਰਿ ॥"
(ਪੰਨਾ—854)

"ਗੁਰ ਕੈ ਸਬਦਿ ਸਦਾ ਸਚੁ ਜਾਤਾ, ਮਿਲਿ ਸਚੇ ਸੁਖੁ ਪਾਵਣਿਆ ॥"
(ਪੰਨਾ—128)

ਸਾਧ-ਸੰਗਤ ਵਿਚ 'ਗੁਰ-ਸਬਦ' ਦੀ ਕਮਾਈ ਦੁਆਰਾ, ਜਗਿਆਸੂ ਅੰਦਰ ਅਨੇਕਾਂ ਦੈਵੀ ਗੁਣਾਂ ਰੂਪੀ 'ਹੀਰੇ' ਤੇ 'ਜਵਾਹਰਾਤ' ਪ੍ਰਾਪਤ ਹੋ ਜਾਂਦੇ ਹਨ। ਦੂਸਰੇ ਲਫ਼ਜ਼ਾਂ ਵਿਚ, ਪ੍ਰਭੂ-ਪ੍ਰੇਮ ਦੁਆਰਾ, 'ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ' ਦੀ ਨਿਆਈ, ਜਗਿਆਸੂ ਦੈਵੀ ਸੰਪਦਾ ਯਾ 'ਖਜ਼ਾਨੇ' ਦਾ ਮਾਲਕ ਬਣ ਜਾਂਦਾ ਹੈ।

"ਤਿਸਹਿ ਪਰਾਪਤਿ ਲਾਲੁ, ਜੋ ਗੁਰ ਸਬਦੀ ਰਸੈ ॥" (ਪੰਨਾ- 963)

"ਅੰਦਰਿ ਹੀਰਾ ਲਾਲੁ ਬਣਾਇਆ ॥
ਗੁਰ ਕੈ ਸਬਦਿ ਪਰਖਿ ਪਰਖਾਇਆ ॥" (ਪੰਨਾ—112)



1 *Sanctified and pure are those true beings, who enshrine love for the Shabad.* *910*

2 *Those who are attuned to the Shabad are immaculate and pure. They walk in harmony with the Will of the True Guru.* *234*

3 *Through the Shabad, my mind and body have been purified, and the Lord has come to dwell within my mind.* *601*

4 *You Yourself are Immaculate and Pure, and pure are Your humble servants who contemplate the Word of the Guru's Shabad.* *1155*

5 *Through the Word of the Guru's Shabad, the mind becomes immaculate, and egotistical pride is expelled from the mind.* *1334*

To link our internal 'light' with the 'Primal-Light' is man's principal goal or target. Therefore it is through the cultivation of the Shabad or Word that a seeker can distance himself from egotism in the sadh sangat, the company of the holy and merge with the Primal Being Waheguru.

6 *The soul is the Lord, and the Lord is the soul; contemplating the Shabad, the Lord is found.* *1031*

7 *The Shabad shines its Light deep within the self, and one dwells in peace; one's light merges into the Light.* *1068*

8 *O Nanak, the Lord forgives, and blends them with Himself; through the True Word of the Shabad, He is ever-present.* *854*

9 *Through the Word of the Guru's Shabad, the True Lord is known forever; meeting the True One, peace is found.* *128*

In the sadh-sangat, the company of the holy, the seeker can attain 'jewels' and 'jems', the embodiment of numerous virtues, through the cultivation of the 'Guru's Shabad or Word'. In other words, like the (quotation in Gurbani) ***'The calico-printer, worth half a shell, is now worth millions'*** the seeker becomes the owner of divine wealth or 'treasure'.

10 *He alone attains his Beloved, who loves the Word of the Guru's Shabad.* *963*

11 *Diamonds and rubies are produced deep within the self.*
*They are assayed and valued tthrough the Word of the Guru's Shabad.* *112*

L62/16

"ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ,
ਤਾਂ ਮੇਰੈ ਮਨਿ ਭਇਆ ਨਿਧਾਨਾ ॥" (ਪੰਨਾ—186)

ਪਿਛਲੇ ਲੇਖਾਂ ਵਿਚ ਦਸਿਆ ਜਾ ਚੁਕਾ ਹੈ, ਕਿ **'ਸਬਦੁ' ਵਿਚ ਪ੍ਰਭੂ ਦੇ ਸਾਰੇ ਸੂਖਮ ਤੇ ਸਥੂਲ ਗੁਣ ਮੌਜੂਦ** ਹਨ ।

ਹਰ ਧਰਮ ਤੇ ਧਾਰਮਿਕ ਗ੍ਰੰਥ ਵਿਚ, **'ਨਾਮੁ' ਤੇ 'ਨਾਮੁ' ਦੀ 'ਪ੍ਰਾਪਤੀ' ਦਾ ਜ਼ਿਕਰ ਆਉਂਦਾ ਹੈ** । ਇਸ ਲਈ, ਗੁਰਬਾਣੀ ਦੀ ਰੋਸ਼ਨੀ ਵਿਚ, **'ਸਬਦੁ' ਅਤੇ 'ਨਾਮੁ'** ਸੰਬੰਧੀ ਵਿਚਾਰਾਂ ਨੂੰ ਸਪਸ਼ਟ ਕਰਨਾ ਜ਼ਰੂਰੀ ਬਣ ਜਾਂਦਾ ਹੈ ।

"ਸਬਦੇ ਹੀ ਨਾਉ ਊਪਜੈ, ਸਬਦੇ ਮੇਲਿ ਮਿਲਾਇਆ ॥"
(ਪੰਨਾ—644)

'ਗੁਰਮੁਖਿ ਬਾਣੀ ਨਾਮੁ ਹੈ, ਨਾਮੁ ਰਿਦੈ ਵਸਾਈ ॥' (ਪੰਨਾ—1239)

"ਅੰਤਰਿ ਸਬਦੁ ਅਪਾਰਾ, ਹਰਿ ਨਾਮੁ ਪਿਆਰਾ,
ਨਾਮੇ ਨਉਨਿਧਿ ਪਾਈ ॥" (ਪੰਨਾ—569)

'ਸਬਦੁ' ਅਤੇ 'ਨਾਮੁ'—ਆਤਮ ਪ੍ਰਕਾਸ਼ ਦੇ ਦੋ ਪੱਖ ਹਨ ।

**'ਸਬਦੁ'—ਇਲਾਹੀ 'ਹੋਂਦ' ਦਾ ਪ੍ਰਕਾਸ਼ ਤੇ ਪ੍ਰਤੀਕ ਹੈ ।**

**'ਨਾਮੁ'—ਇਸ ਪ੍ਰਕਾਸ਼ ਦੀ ਪ੍ਰਵਿਰਤੀ ਹੈ ।**

ਦੂਜੇ ਲਫ਼ਜ਼ਾਂ ਵਿਚ, **'ਸਬਦੁ' ਅਤੇ 'ਨਾਮੁ' ਦੋਨੋਂ ਹੀ— ਇਕੋ 'ਆਤਮ-ਪ੍ਰਕਾਸ਼' ਦੇ ਪ੍ਰਤੀਕ ਅਤੇ ਪ੍ਰਗਟਾਵੇ** ਹਨ ।

ਰਾਤ ਦੇ ਘੁਪ ਹਨੇਰ ਵਿਚ ਸਾਨੂੰ ਝਉਲੇ, ਭਰਮ-ਭੁਲੇਖੇ ਪੈਂਦੇ ਹਨ, ਅਸੀਂ ਅਨੇਕਾਂ ਗਲਤੀਆਂ ਕਰਦੇ ਹਾਂ, ਠੋਕਰਾਂ ਖਾਂਦੇ ਹਾਂ ਅਤੇ ਬੇਅੰਤ ਕੀੜੇ, ਮਕੌੜੇ, ਮੱਛਰ, ਸੱਪ, ਚੋਰ, ਡਾਕੂ, ਆਦਿ ਸਾਡੇ ਉਤੇ **ਵਾਰ ਕਰਦੇ ਹਨ ।**

ਪਰ ਜਦ **ਸੂਰਜ ਚੜ੍ਹਦਾ ਹੈ ਤਾਂ :—**

ਹਨੇਰ ਆਪੇ ਦੂਰ ਹੋ ਜਾਂਦਾ ਹੈ ।
ਕੀੜੇ ਮਕੌੜੇ ਛਾਈਂ-ਮਾਂਈ ਹੋ ਜਾਂਦੇ ਹਨ ।
ਚੋਰ ਡਾਕੂ ਅਲੋਪ ਹੋ ਜਾਂਦੇ ਹਨ ।
ਮੱਛਰ, ਸੱਪ ਆਦਿ ਲੁਕ ਜਾਂਦੇ ਹਨ ।
ਝਉਲੇ ਨਹੀਂ ਪੈਂਦੇ ।
ਭਰਮ-ਭੁਲੇਖੇ ਦੂਰ ਹੋ ਜਾਂਦੇ ਹਨ ।



1 *When I opened it up and gazed upon the treasures of my father and grandfather,*
*then my mind became very happy.* 186

It has been mentioned in the previous lekhs (writings) that all subtle and gross virtues of the Primal Lord are present in the 'Shabad or Word'.

Every religion and religious text mentions 'Naam' and the attainment of 'Naam'. Therefore in the light of Gurbani it is essential to clarify the thoughts related to 'Shabad or Word' and 'Naam or Name'.

2 *Through the Word of the Shabad, the Name wells up; through the Shabad, we are united in the Lord's Union.* 644

3 *The Word of the Gurmukh is the Naam; I enshrine the Naam within my heart.* 1239

4 *Within them is the Infinite Shabad, and the Beloved Naam, the Name of the Lord; through the Naam, the nine treasures are obtained.* 569

'Shabad or Word' and 'Naam or Name' are the two aspects of divine illumination.
'Shabad or Word' is the symbol of divine 'presence'.
'Naam or Name' is the living extension of this illumination.

In other words, both 'Shabad or Word' and 'Naam or Name' are the symbols and manifestation of 'Divine-Presence'.

In the pitch darkness of nightfall, we experience vagueness, doubt-ambiguity, (and in this state) we make numerous mistakes, we stumble and insects, worms, mosquitoes, snakes, thieves, robbers etc. launch attack on us.

But when the sun rises then:-

the darkness moves away by itself.
insects and worms disappear.
thieves and robbers take flight.
mosquitoes, snakes etc. go into hiding.
indistinctness does not remain.
doubts-ambiguities take leave

ਠੋਕਰਾਂ ਤੋਂ ਬਚ ਜਾਈਦਾ ਹੈ।
ਹਨੇਰੇ ਦੀਆਂ ਅਨੇਕ ਬਲਾਵਾਂ ਤੋਂ ਬਚ ਜਾਈਦਾ ਹੈ।

ਇਸ ਤੋਂ ਇਲਾਵਾ ਸੂਰਜ ਦੀ **ਰੋਸ਼ਨੀ ਦੇ ਸਾਰੇ ਗੁਣ,** ਜਿਹਾ ਕਿ ਚਾਨਣ, ਗਰਮੀ, ਸ਼ਕਤੀ, ਜੀਵਨ-ਰੌਂ ਵਰਗੀਆਂ ਅਨੇਕਾਂ **ਬਰਕਤਾਂ ਤੋਂ ਲਾਭ ਲੈਕੇ** ਅਸੀਂ ਆਪਨਾ **ਜੀਵਨ ਸੁਖਦਾਈ, ਪ੍ਰਫੁਲਤ ਅਤੇ ਸਫ਼ਲ ਬਣਾਉਂਦੇ ਹਾਂ।**

**ਐਨ ਏਸੇ ਤਰਾਂ-ਸਾਡੇ ਅੰਤਰਗਤ ਮਨ ਦੀ ਹਾਲਤ ਹੈ।**

ਮਨ ਨੂੰ ਮਾਇਆ ਦੇ ਘੁਪ ਹਨੇਰ ਵਿਚ 'ਹਉਮੈ' ਦਾ 'ਭਰਮ-ਭੁਲਾਵਾ' ਪਿਆ ਹੋਇਆ ਹੈ, ਜਿਸ ਕਾਰਨ ਅਸੀਂ ਅਨੇਕਾਂ ਦੁਖ ਕਲੇਸ਼ ਭੋਗਦੇ ਰਹਿੰਦੇ ਹਾਂ ਅਤੇ ਆਪਣਾ **'ਹੀਰੇ ਜੈਸਾ ਜਨਮ ਅਜਾਂਈ ਗਵਾ ਰਹੇ ਹਾਂ।**

"ਪਲਚਿ ਪਲਚਿ ਸਗਲੀ ਮੂਈ ਝੂਠੈ ਧੰਧੈ ਮੋਹੁ ॥" **(4—133)**

**'ਸਾਧ ਸੰਗਤ' ਦੁਆਰਾ ਸਾਡੀ ਮਾਇਕੀ ਨੀਂਦ ਖੁਲਦੀ ਹੈ** ਅਤੇ 'ਨਾਮ-ਸਿਮਰਨ ਨਾਲ **'ਸਬਦ' ਦਾ ਸਾਡੇ ਅੰਤਰ-ਆਤਮੇ 'ਪ੍ਰਕਾਸ਼' ਹੁੰਦਾ ਹੈ,** ਜਿਸ ਦੀ ਰੋਸ਼ਨੀ ਨਾਲ ਮਾਇਆ ਦੇ ਅਨੇਕਾਂ **ਭਰਮ-ਭੁਲੇਖੇ ਉਡ ਜਾਂਦੇ ਹਨ।** ਇਸ ਤਰਾਂ, ਸਾਡੇ ਅੰਤਰ-ਆਤਮੇ, 'ਸਬਦ' ਅਥਵਾ **'ਨਾਮ' ਦੇ ਅਨੇਕਾਂ 'ਗੁਣ' ਅਤੇ ਬਰਕਤਾਂ 'ਪ੍ਰਦਾਨ ਪਰਵੇਸ਼** ਹੁੰਦੀਆਂ ਹਨ, ਜਿਹਾ ਕਿ :—

ਮਨ ਇਕਾਗਰ ਹੁੰਦਾ ਹੈ
ਮਨ ਸ਼ਾਂਤ ਹੁੰਦਾ ਹੈ
ਮਨ ਸੁਖੀ ਹੁੰਦਾ ਹੈ
ਮਨ ਵਿਚ ਖੇੜਾ ਆਉਂਦਾ ਹੈ
ਆਤਮਿਕ ਖਿਚ ਪੈਂਦੀ ਹੈ
ਸਿਮਰਨ ਨੂੰ ਜੀਅ ਕਰਦਾ ਹੈ
ਸਿਮਰਨ ਦ੍ਰਿੜ੍ਹ ਹੁੰਦਾ ਹੈ
ਸਿਮਰਨ ਆਪ-ਮੁਹਾਰੇ ਹੁੰਦਾ ਹੈ
ਦਇਆ-ਖਿਮਾ ਉਪਜਦੀ ਹੈ
ਸੇਵਾ ਭਾਵਨੀ ਦਾ ਚਾਉ ਆਉਂਦਾ ਹੈ
ਸਬਦ ਵਿਚ ਲੀਨ ਹੁੰਦਾ ਹੈ
ਰੁਣ-ਝੁਣ ਛਿੜਦੀ ਹੈ
ਆਤਮ ਕਲਾ ਵਰਤਦੀ ਹੈ
ਅਨਹਦ ਧੁਨੀ ਵਜਦੀ ਹੈ



stumbling is avoided
(and we) saves (ourselves) from numerous calamities.

Apart from this, we take advantage from the numerous blessings of all the virtues of the sunlight like light, heat, power, and life-current and make our life comfortable, fulfilling and successful.

Exactly in the same way is the condition of our innate mind.

In the pitch darkness of *maya* or materialism, the mind is deluded by 'egotism's' 'doubt-fallacy' and this is the reason why we continue to face difficulties and conflicts and quite unnecessarily, we keep wasting away our 'pearl' like birth.

*Entangled and enmeshed in the love of false occupations, the whole world is perishing. 133*

Through the 'Sadh-sangat' the company of the holy, we are awakened from our sleep of materialism and with the aid of 'Naam or Name' the illumination of the 'Shabad or Word' takes place in our innate self. With this light, numerous doubt-fallacies of maya or materialism disappear. In this way numerous 'virtues' and blessings of the 'Shabad' or 'Naam' manifest and seep themselves into our innate self within as when:-

the mind gets focused
the mind calms down
the mind experiences peace
there is joy in the mind
there is a divine pull
(one) feels like doing simran
simran gets ingrained
simran goes on by itself
mercy-forgiveness springs forth
there is an urge to indulge in sewa or service
(one) gets absorbed in the Shabad or Word
celestial melody begins
divine power comes into being
unstruck melody resounds

ਪ੍ਰੇਮ-ਰਸ ਰਖਦਾ ਹੈ

ਪ੍ਰੇਮ-ਪਿਆਲਾ ਪੀਂਦਾ ਹੈ

ਨਾਮ ਦਾ ਸੋਮਾ ਫੁਟਦਾ ਹੈ

ਅਨਹਦ ਨਾਦ ਸੁਣਦਾ ਹੈ

ਅੰਮ੍ਰਿਤ ਭੋਜਨ ਛਕਦਾ ਹੈ

ਨਿਜ ਘਰਿ ਵਾਸਾ ਹੁੰਦਾ ਹੈ

ਗੋਬਿੰਦ ਗੱਜਦਾ ਹੈ

ਅਨੰਤ ਅਨੰਦ ਮਾਣਦਾ ਹੈ

ਨਾਮ ਖੁਮਾਰੀ ਚੜਦੀ ਹੈ

ਅਲਮਸਤ ਮਤਮਾਰਾ ਹੋ ਜਾਂਦਾ ਹੈ

'ਸਬਦ' ਦਾ ਅਨੁਭਵ ਹੁੰਦਾ ਹੈ

ਇਸ ਤਰਾਂ ਸਾਡਾ ਜੀਵਨ–'ਲੋਕ ਸੁਖੀ' ਅਤੇ 'ਪ੍ਰਲੋਕ ਸੁਹੇਲਾ' ਹੋ ਸਕਦਾ ਹੈ।



experiences the relish of divine love

quaffs (or drinks) the goblet of love

the fountain of Naam or Name springs forth

(one) hears unstruck sound

(one) eats the food of immortality

(one ) resides in the real house (within)

the Lord thunders

experiences endless bliss

the intoxication of the Naam or Name arises

becoming unceasingly carefree

the experience of the Shabad or Word takes place.

In this way our life becomes peaceful in this world and soothing in the next.